ਸਿੱਖ ਮਿਸ਼ਨਰੀ ਕਾਲਜ ਦਾ ਮਾਸਿਕ ਪੱਤਰ

ਸਿੱਖ ਫੁਲਵਾੜੀ

SIKH PHULWARI

ਅਪ੍ਰੈਲ – 1998

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਜਿਥੇ ਦਸ਼ਮੇਸ਼-ਪਿਤਾ ਨੇ 1669 ਇ: ਨੂੰ ਵੈਸਾਖੀ ਵਾਲੇ ਦਿਨ ਖਾਲਸਾ-ਪੰਥ ਦੀ ਸਾਜਣਾ ਕੀਤੀ।

5 ਰੁਪਏ

ਸਿੱਖ ਫੁਲਵਾੜੀ

ਹਿੰਦੀ ਵਿੱਚ ਵੀ ਮਿਲਦਾ ਹੈ।

ਸਾਲ 18 ਅਪਰੈਲ 1998 ਅੰਕ 9

ਮੁੱਖ ਸੰਪਾਦਕ — ਪ੍ਰਿੰ: ਹਰਿਭਜਨ ਸਿੰਘ, ਲੁਧਿਆਣਾ
ਸੰਪਾਦਕ — ਸ. ਹਰਜੀਤ ਸਿੰਘ (ਐਮ. ਏ.), ਜਲੰਧਰ

ਸਿੱਖ ਫੁਲਵਾੜੀ ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ ਵੱਲੋਂ ਸਭ ਸਕੂਲਾਂ ਅਤੇ ਸਮਾਜਿਕ ਸਿੱਖਿਆ ਕੇਂਦਰਾਂ ਤੇ ਲਾਇਬਰੇਰੀਆਂ ਲਈ ਪੱਤਰ ਨੰਬਰ 332813-7-1981 ਰਾਹੀਂ ਪ੍ਰਵਾਨਿਤ ਹੈ।

ਚੰਦਾ ਭੇਜਣ ਦਾ ਪਤਾ :
ਸਿੱਖ ਫੁਲਵਾੜੀ, 1051, ਕੂਚਾ 14, ਫ਼ੀਲਡ ਗੰਜ, ਲੁਧਿਆਣਾ-8
ਫ਼ੋਨ : 663452, ਫੈਕਸ : 0161-663452

ਸਬ ਆਫ਼ਿਸ : A-143, ਫ਼ਤਹਿ ਨਗਰ, ਨਵੀਂ ਦਿੱਲੀ — 18
ਫ਼ੋਨ : 5135677

ਜਲੰਧਰ ਆਫ਼ਿਸ : W. G. 578, ਸੁਰਾਜ ਗੰਜ, ਜਲੰਧਰ।
ਫ਼ੋਨ : 236947

ਸਾਲਾਨਾ ਚੰਦਾ : ਦੇਸ਼ : 50 ਰੁਪਏ, ਵਿਦੇਸ਼ : 500 ਰੁਪਏ

ਲਾਈਫ ਮੈਂਬਰਸ਼ਿਪ : ਦੇਸ਼ : 500 ਰੁਪਏ, ਵਿਦੇਸ਼ : 5000 ਰੁਪਏ,

ਇਕ ਕਾਪੀ : 5 ਰੁਪਏ

ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

1. ਜੋਤੀ ਜੋਤਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ... 1 ਅਪਰੈਲ
2. ਜੋਤੀ ਜੋਤਿ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ... 9 ਅਪਰੈਲ
3. ਗੁਰਿਆਈ ਸ੍ਰੀ ਗੁਰੂ ਤੇਗ ਬਹਾਦਰ ਜੀ .... 9 ਅਪਰੈਲ
4. ਖਾਲਸੇ ਦਾ ਸਾਜਨਾ ਦਿਵਸ ਵੈਸਾਖੀ .... 13 ਅਪਰੈਲ
5. ਪ੍ਰਕਾਸ਼ ਸ੍ਰੀ ਗੁਰੂ ਤੇਗ ਬਹਾਦਰ ਜੀ .... 17 ਅਪਰੈਲ
6. ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ .... 19 ਅਪਰੈਲ
7. ਪ੍ਰਕਾਸ਼ ਸ੍ਰੀ ਗੁਰੂ ਅੰਗਦ ਦੇਵ ਜੀ .... 27 ਅਪਰੈਲ

ਤਤਕਰਾ

- ਪਾਠਕ ਲਿਖਦੇ ਹਨ 2
- ਸਵਾਲ ? ਜਵਾਬ 4
- ਖਾਲਸੇ ਦੀਆਂ ਵਿਸ਼ੇਸ਼ਤਾਵਾਂ ਅਤੇ ਆਦਰਸ਼ 8
- ਸਿੱਖ ਫੁਲਵਾੜੀ ਇਨਾਮੀ ਪ੍ਰਤੀਯੋਗਤਾ ਅਪਰੈਲ '98 ... 10
- ਸਿੱਖ ਅਤੇ ਸਿੱਖੀ ਜਜ਼ਬਾ 11
- ਲਹਿਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ 12
- ਸਿੰਘ ਜੀ ! ਨੰਗੇ ਸਿਰ ਨਹੀਂ 15
- ਖਾਲਸਾ ਪੰਥ ਅਤੇ ਪਤਿਤਪੁਣੇ ਦਾ ਰੋਗ 17
- ਇਨਾਮੀ ਪ੍ਰਤੀਯੋਗਤਾ ਫਰਵਰੀ '98 ਦੇ ਇਨਾਮ ਜੇਤੂ ... 21
- ਹੋਰਨਾਂ ਭਾਸ਼ਾਵਾਂ ਵਿਚ ਸਿੱਖ ਸਾਹਿਤ 22
- ਸਰਕਲਾਂ ਦੀਆਂ ਸਰਗਰਮੀਆਂ 25
- ਪੀਵਹੁ ਪਾਹੁਲ ਖੰਡੇ ਧਾਰ 26
- ਵਰ-ਰਿਸ਼ਤੇ ਦੀ ਲੋੜ 29
- ਸਿੱਖ ਫੁਲਵਾੜੀ ਇਨਾਮੀ ਪ੍ਰਤੀਯੋਗਤਾ, ਫਰਵਰੀ '98 ਦਾ ਸਹੀ ਹੱਲ 30
- ਧਾਰਮਿਕ ਪ੍ਰੀਖਿਆ ਨਵੰਬਰ 1997 ਦਾ ਨਤੀਜਾ 31-40

ਵਿਦਵਾਨ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਵਿਚਲੀਆਂ ਗੁਰਬਾਣੀ ਦੀਆਂ ਤੁਕਾਂ ਸੋਧ ਕੇ, ਉਸਦੇ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਜ਼ਰੂਰ ਲਿਖ ਕੇ ਭੇਜਣ।

ਪਾਠਕ ਜੀ ! ਸਿੱਖ ਫੁਲਵਾੜੀ ਦੇ ਲਾਈਫ ਮੈਂਬਰ ਬਣੋ ਜੀ।

ਪਾਠਕ ਲਿਖਦੇ ਹਨ

ਗੁਰਬਾਣੀ ਕੈਸਟਾਂ

ਸਿੱਖ ਧਰਮ ਦੇ ਪਰਚਾਰ ਤੇ ਪਰਸਾਰ ਲਈ ਇਹ ਜ਼ਰੂਰੀ ਹੈ ਕਿ ਅੱਜ ਦੇ ਇਲੈਕਟ੍ਰਾਨਿਕਸ ਯੁੱਗ ਦਾ ਲਾਭ ਉਠਾਇਆ ਜਾਵੇ ਤਾਂ ਕਿ ਗੁਰਮਤਿ ਦੀ ਸੂਝ ਪ੍ਰਾਪਤ ਹੋਵੇ। ਆਡੀਓ ਤੇ ਵੀਡੀਓ ਕੈਸਟਾਂ ਰਾਹੀਂ ਪ੍ਰਮਾਣੀਕ ਜਾਣਕਾਰੀ ਸੰਗਤਾਂ ਤਕ ਪਹੁੰਚਾਈ ਜਾ ਸਕਦੀ ਹੈ। ਬਹੁਤ ਸਾਰੀਆਂ ਕੈਸਟਾਂ ਵਿੱਕ ਰਹੀਆਂ ਹਨ ਜੋ ਪੰਥ ਪ੍ਰਵਾਣਿਤ ਰਹਿਤ ਮਰਯਾਦਾ ਤੇ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਪਰਦਾਨ ਕਰਦੀਆਂ ਹਨ।

ਪਰ ਕੁਝ ਕੈਸਟਾਂ, ਕੁਝ ਰਾਗੀ ਸਿੰਘ, ਵਿਆਖਿਆ ਸਮੇਤ, ਵੱਡੀਆਂ ਕੰਪਨੀਆਂ ਤੋਂ ਬਣਵਾ ਰਹੇ ਹਨ, ਜਿਨ੍ਹਾਂ ਨੂੰ ਸੁਣ ਕੇ, ਉਨ੍ਹਾਂ ਦੀ ਹਾਲਤ ਤੇ ਹਾਸਾ ਆਉਂਦਾ ਹੈ ਕਿ ਉਹ ਕਿਵੇਂ ਮਾਇਆ ਇਕੱਠੀ ਕਰਨ ਲਈ ਮਨਘੜਤ ਤੇ ਝੂਠੀਆਂ ਕਹਾਣੀਆਂ ਸੁਣਾ ਕੇ ਸੰਗਤਾਂ ਨੂੰ ਭੰਬਲ-ਭੂਸੇ ਵਿਚ ਪਾ ਰਹੇ ਹਨ। ਸਪੱਸ਼ਟ ਹੀ ਉਨ੍ਹਾਂ ਦੀ ਗੁਰਮਤਿ ਸਿਧਾਂਤਾਂ ਸੰਬੰਧੀ ਅਗਿਆਨਤਾ ਜ਼ਾਹਰ ਹੁੰਦੀ ਹੈ। ਗੁਰਬਾਣੀ ਗਾਇਨ ਨੂੰ ਕਾਵਿ ਜਾਂ ਗੀਤ ਰੂਪ ਦਿੱਤਾ ਜਾ ਰਿਹਾ ਹੈ। ਅਖ਼ਬਾਰਾਂ ਵਿਚ ਕੈਸਟਾਂ ਸੰਬੰਧੀ ਇਸ਼ਤਿਹਾਰ ਦਿੱਤੇ ਜਾਂਦੇ ਹਨ ਅਤੇ ਕੈਸਟਾਂ ਤੇ ਅਜੀਬੋ-ਗਰੀਬ ਹੈਡਿੰਗ ਦਿੱਤੇ ਜਾ ਰਹੇ ਹਨ; ਜਿਵੇਂ 'ਹੇਮਕੁੰਟ ਵੱਲ ਜਾਂਦੇ ਰਾਹੀਆ', 'ਅੰਮ੍ਰਿਤਸਰ ਵੱਲ ਜਾਂਦੇ ਰਾਹੀਆ' ਆਦਿ। ਵੱਡੇ-ਵੱਡੇ ਮਸ਼ਹੂਰ ਕਹਾਉਣ ਵਾਲੇ ਰਾਗੀ ਸਿੰਘ ਕੱਚੀ ਬਾਣੀ ਅਤੇ ਬ੍ਰਾਹਮਣੀ ਕਰਮ-ਕਾਂਡਾਂ ਵਾਲੀਆਂ ਸਾਖੀਆਂ ਸੁਣਾਉਣ ਤੋਂ ਜ਼ਰਾ ਵੀ ਗੁਰੇਜ਼ ਨਹੀਂ ਕਰਦੇ।

ਸਥਿਤੀ ਇਥੋਂ ਤਕ ਪਹੁੰਚ ਚੁੱਕੀ ਹੈ ਕਿ ਜੇ ਇਨ੍ਹਾਂ ਅਖੌਤੀ ਰਾਗੀ ਸਿੰਘਾਂ ਨੂੰ ਮਨਮਤਿ ਦੇ ਇਸ ਪਰਚਾਰ ਤੋਂ ਨਾ ਰੋਕਿਆ ਗਿਆ ਤਾਂ ਇਹ ਬੀਮਾਰੀ ਇਲਾਜ-ਯੋਗ ਨਹੀਂ ਰਹੇਗੀ। ਸਿੱਖ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਨੂੰ ਬਹੁਤ ਨੁਕਸਾਨ ਪੁੱਜੇਗਾ। ਵਿਦਵਾਨਾਂ ਅਤੇ ਸਿੱਖ ਜਥੇਬੰਦੀਆਂ ਨੂੰ ਇਸ ਸੰਬੰਧ ਵਿਚ ਯੋਗ ਕਦਮ ਚੁੱਕਣ ਦੀ ਬਹੁਤ ਲੋੜ ਹੈ।

— ਗੁਰਬਖਸ਼ ਸਿੰਘ, ਅਮਲੋਹ

ਨਾਮ ਰੱਖਣਾ

ਬੜੇ ਦੁੱਖ ਦੀ ਗੱਲ ਹੈ ਕਿ ਸਾਡੇ ਗ੍ਰੰਥੀ ਸਿੰਘ, ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਦੇ ਉਲਟ, ਇਤਿਹਾਸਿਕ ਗੁਰਦੁਆਰਿਆਂ ਵਿਚ ਬ੍ਰਾਹਮਣੀ ਕਰਮ-ਕਾਂਡ ਕਰ ਰਹੇ ਹਨ, ਜਿਨ੍ਹਾਂ ਦਾ ਪ੍ਰਬੰਧ ਵੀ ਮੁੱਖ-ਪ੍ਰਬੰਧਕ ਕਮੇਟੀਆਂ ਦੇ ਅਧੀਨ ਹੈ। ਸਿੱਖ ਰਹਿਤ ਮਰਯਾਦਾ ਨੂੰ ਲਾਗੂ ਕਰਨਾ ਤਾਂ ਇਕ ਪਾਸੇ ਰਿਹਾ, ਇਨ੍ਹਾਂ ਕਰਮ-ਕਾਂਡੀਆਂ ਨੂੰ ਰੋਕਿਆ ਵੀ ਨਹੀਂ ਜਾ ਰਿਹਾ।

ਦਾਸ ਇਕ ਗੁਰਦੁਆਰਾ ਸਾਹਿਬ ਵਿਚ ਆਪਣੀ ਬੱਚੀ ਦਾ ਨਾਮ ਰਖਾਉਣ ਗਿਆ। ਗੁਰਦੁਆਰੇ ਵਿਚ ਹਾਜ਼ਰ ਗ੍ਰੰਥੀ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉੱਪਰੋਂ ਇਕ ਫੁੱਲਾਂ ਦਾ ਹਾਰ ਚੁੱਕ ਕੇ ਦਿੱਤਾ ਅਤੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਪਾਸੇ ਦੋ ਸੈਕਿੰਡ ਲਈ ਅੱਖਾਂ ਬੰਦ ਕਰ ਕੇ ਬੈਠ ਗਿਆ। ਫਿਰ ਉਸਨੇ ਦੱਸਿਆ ਕਿ 'ਕੱਕਾ' ਅੱਖਰ ਆਇਆ ਹੈ, ਇਸ ਤੇ ਨਾਮ ਰੱਖੋ।

ਇਸ ਸੰਬੰਧੀ ਮੈਨੂੰ ਕਾਫ਼ੀ ਦੁੱਖ ਹੋਇਆ ਕਿ ਇਸ ਗ੍ਰੰਥੀ ਸਿੰਘ ਨੂੰ, ਜੋ ਗੁਰੂ ਸਾਹਿਬ ਦਾ ਵਜ਼ੀਰ ਹੈ, ਇਤਨਾ ਵੀ ਨਹੀਂ ਪਤਾ ਕਿ ਨਾਮ ਸੰਸਕਾਰ ਕਿਵੇਂ ਸੰਪੂਰਨ ਕਰਨਾ ਹੈ। ਜੇ ਇਤਿਹਾਸਕ ਗੁਰਦੁਆਰਿਆਂ ਦੇ ਗਰੰਥੀ ਸਿੰਘ ਹੀ 'ਅੰਤਰ ਧਿਆਨ' ਹੋ ਕੇ ਅਜਿਹੇ ਕਰਮ ਕਰਨ ਲੱਗ ਜਾਣ ਤਾਂ ਸਾਨੂੰ ਸਿੱਖ ਰਹਿਤ ਮਰਯਾਦਾ ਜਾਂ ਬਾਣੀ ਪੜ੍ਹਨ ਦੀ ਕੀ ਲੋੜ ਹੈ ? ਅਜਿਹੇ ਬ੍ਰਾਹਮਣ-ਵਾਦੀ ਕਰਮ-ਕਾਂਡ ਦੇਖ ਕੇ ਦੁੱਖ ਤਾਂ ਹੁੰਦਾ ਹੈ ਅਤੇ ਸੰਗਤ ਤੇ ਵੀ ਬੁਰਾ ਅਸਰ ਪੈਂਦਾ ਹੈ ਅਤੇ ਸ਼ਰਧਾ ਘਟਦੀ ਹੈ। ਪ੍ਰਬੰਧਕਾਂ ਨੂੰ ਇਸ ਵੱਲ ਪੂਰੀ ਚੌਕਸੀ ਨਾਲ ਧਿਆਨ ਦੇਣ ਦੀ ਲੋੜ ਹੈ।

ਸਿੱਖ ਰਹਿਤ ਮਰਯਾਦਾ ਅਨੁਸਾਰ ਖੁਸ਼ੀ ਦੇ ਸ਼ਬਦ ਪੜ੍ਹਨ ਉਪਰੰਤ ਵਾਕ ਲਿਆ ਜਾਵੇ। ਵਾਕ ਦੇ ਅਰੰਭ ਵਿਚ, ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪਰਗਟ ਕਰੇ। ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਪੜ੍ਹ ਕੇ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ। ਬੇਨਤੀ ਹੈ ਕਿ ਅਜਿਹੇ ਗਰੰਥੀ ਸਿੰਘਾਂ ਨੂੰ ਟ੍ਰੇਨਿੰਗ ਦੇ ਕੇ ਹੀ ਗੁਰਦੁਆਰਿਆਂ ਵਿਚ ਭੇਜਿਆ ਜਾਵੇ ਤਾਂ ਕਿ ਸਿੱਖ ਕੌਮ ਬ੍ਰਾਹਮਣਵਾਦ ਦੇ ਜੂਲੇ ਨੂੰ ਆਪਣੇ ਉਤੋਂ ਲਾਹ ਸਕੇ।

— ਕਿਰਪਾਲ ਸਿੰਘ, ਪ੍ਰੇਮ ਨਗਰ, ਦਿੱਲੀ

ਬ੍ਰਾਹਮਣ ਸਭਾ ਦੀਆਂ ਕੋਝੀਆਂ ਹਰਕਤਾਂ

4 ਦਸੰਬਰ, 1997 ਦੀ ਟ੍ਰਿਬਿਊਨ ਵਿਚ ਬ੍ਰਾਹਮਣ ਸਭਾ ਚੰਡੀਗੜ੍ਹ ਵਲੋਂ ਸ਼ਹੀਦ ਭਾਈ ਮਤੀਦਾਸ ਜੀ ਦੀ ਛਵੀ ਨੂੰ ਵਿਗਾੜਨ ਵਾਲਾ ਇਸ਼ਤਿਹਾਰ ਛਪਿਆ ਸੀ। ਕਿਸੇ ਗੁਰਸਿੱਖ ਦਾ ਇਸ ਤੋਂ ਵੱਡਾ ਅਪਮਾਨ ਕੀ ਹੋ ਸਕਦਾ ਹੈ ਕਿ ਉਸ ਗੁਰਸਿੱਖ ਨੂੰ ਬ੍ਰਾਹਮਣ ਆਖਿਆ ਜਾਵੇ ?

16 ਜਨਵਰੀ ਦੀ ਟ੍ਰਿਬਿਊਨ ਦੇ ਸਫਾ 4 ਤੇ ਇਕ ਖਬਰ ਛਪੀ 'ਸ਼ਹੀਦੀ ਦਿਵਸ ਆਬਜ਼ਰਵਡ' (Shaheedi Divas Observed) ਜਿਸ ਵਿਚ ਇਕ ਵਾਰ ਫੇਰ ਇਸ ਬ੍ਰਾਹਮਣ ਸਭਾ ਨੇ ਕੋਝੀ ਹਰਕਤ ਰਾਹੀਂ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਮੁਕਤਸਰ ਵਿਖੇ ਸ਼ਹੀਦੀ ਪਾਉਣ ਵਾਲੇ 40 ਗੁਰਸਿੱਖਾਂ ਵਿੱਚੋਂ 15 ਬ੍ਰਾਹਮਣ ਸਨ, ਜਿਨ੍ਹਾਂ ਵਿਚੋਂ ਤਿੰਨ ਗੁਰਸਿੱਖਾਂ ਨੂੰ ਉਨ੍ਹਾਂ ਨੇ ਸੁੰਦਰ ਸ਼ਰਮਾ, ਬੁਹਰ ਸ਼ਰਮਾ ਤੇ ਕੇਸ਼ੋ ਭੱਟ ਲਿਖਿਆ ਹੈ।

ਸ਼ਾਇਦ ਇਹ ਬ੍ਰਾਹਮਣ ਸਭਾ ਵਾਲੇ ਇਸ ਚੀਜ਼ ਤੋਂ ਨਾਵਾਕਿਫ ਹਨ ਜਾਂ ਜਾਣਬੁੱਝ ਕੇ ਨਾਵਾਕਿਫ ਬਣਨਾ ਚਾਹੁੰਦੇ ਹਨ ਕਿ —

"ਗੁਰਸਿੱਖ ਜਦ ਸਿੰਘ ਸਜਦਾ ਹੈ ਤਾਂ ਉਸ ਦੀ ਕੁੱਲ ਨਾਸ਼ ਹੋਣ ਤੋਂ ਪਹਿਲਾਂ ਧਰਮ ਨਾਸ਼ ਹੋ ਜਾਂਦਾ ਹੈ, ਉਸ ਦਾ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਹੋ ਜਾਂਦੇ ਹਨ। ਉਹ ਫਿਰ ਬ੍ਰਾਹਮਣ ਕਿਧਰੋਂ ਰਿਹਾ?"

ਲਗਦਾ ਹੈ ਬ੍ਰਾਹਮਣ ਸਭਾ ਵਾਲੇ ਵਿਰਸੇ ਪੱਖੋਂ ਦੀਵਾਲੀਆ

ਹਨ। ਇਨ੍ਹਾਂ ਕੋਲ ਐਸਾ ਕੋਈ ਬ੍ਰਾਹਮਣ ਨਹੀਂ ਜਿਸ ਤੇ ਇਹ ਮਾਣ ਕਰ ਸਕਣ।

ਪਤਾ ਨਹੀਂ ਟ੍ਰਿਬਿਊਨ ਵੀ ਐਸੀਆਂ ਕੋਝੀਆਂ ਤੇ ਨਿੰਦਣਯੋਗ ਖਬਰਾਂ ਛਾਪਣੀਆਂ ਕਿਉਂ ਪਸੰਦ ਕਰਦਾ ਹੈ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੁਚੇਤ ਹੋਣਾ ਚਾਹੀਦਾ ਹੈ ਤਾਂ ਕਿ ਇਸ ਕੋਝੀ ਪਰਵਿਰਤੀ ਨੂੰ ਛੇਤੀ ਨੱਥ ਪਾਈ ਜਾ ਸਕੇ।

— ਸਰਵਣ ਸਿੰਘ, ਪ੍ਰਕਾਸ਼ ਨਗਰ, ਜਲੰਧਰ

ਆਉ, ਸਹੀ ਪ੍ਰਚਾਰਕ ਪਾਸੋਂ ਸੇਧ ਲਈਏ

ਪੂਨਾ ਵਿਖੇ ਪਿੰਪਰੀ ਸਹਿਰ ਵਿਚ ਪਿਛਲੇ ਦਿਨੀਂ ਦਸੰਬਰ 4, 5 ਅਤੇ 6 ਤਰੀਕ ਨੂੰ ਇਕ ਮਹਾਨ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿੱਥੇ ਕਿ ਹਰ ਤਰ੍ਹਾਂ ਦੀ ਮਨਮਤ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਕ ਅਖੌਤੀ ਬਾਬੇ ਵਲੋਂ ਆਪਣੇ ਪੈਰੀਂ ਹੱਥ ਲਆਏ ਗਏ ਅਤੇ ਲਗਭਗ ਸਾਰੀਆਂ ਹੀ ਤਸਵੀਰਾਂ ਬ੍ਰਾਹਮਣੀ ਮੱਤ ਨਾਲ ਸੰਬੰਧਤ ਲਾਈਆਂ ਗਈਆਂ। ਪ੍ਰਚਾਰਕਾਂ ਨੇ ਨਿਡਰ ਹੋ ਕੇ ਦ੍ਰਿੜਤਾ ਨਾਲ ਗੁਰਮਤਿ ਦਾ ਪ੍ਰਚਾਰ ਕੀਤਾ।

ਭਾਈ ਸਾਹਿਬ ਈਸ਼ਰ ਸਿੰਘ ਜੀ (ਹੈਦਰਾਬਾਦ) ਨੇ ਆਪਣੀ ਵਿਆਖਿਆ ਅਰੰਭ ਕਰਨ ਤੋਂ ਪਹਿਲਾਂ ਸਾਰੀਆਂ ਫੋਟੋਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿਚੋਂ ਚੁੱਕਣ ਦੀ ਬੇਨਤੀ ਕੀਤੀ। ਪਹਿਲਾ ਤਾਂ ਉਨ੍ਹਾਂ ਦੀ ਵਿਰੋਧਤਾ ਕੀਤੀ ਗਈ ਪਰ ਭਾਈ ਸਾਹਿਬ ਜੀ ਦੀ ਦ੍ਰਿੜਤਾ, ਗੁਰੂ ਪ੍ਰਤੀ ਪ੍ਰੇਮ ਅਤੇ ਗੁਰਮਤਿ ਗਿਆਨ ਨਾਲ ਭਰਪੂਰ ਦਲੀਲਾਂ ਅੱਗੇ ਕੋਈ ਨਾ ਟਿਕ ਸਕਿਆ ਅਤੇ ਮੈਨੇਜਮੈਂਟ ਵਾਲਿਆਂ ਨੂੰ ਤਸਵੀਰਾਂ ਹਟਾਉਣੀਆਂ ਹੀ ਪਈਆਂ। ਭਾਈ ਸਾਹਿਬ ਨੇ ਗੁਰਮਤਿ ਅਨੁਸਾਰ ਆਪਣੇ ਵੀਚਾਰ ਪੇਸ਼ ਕੀਤੇ ਅਤੇ ਗੁਰੂ ਪੰਥ ਵਿਚ ਵੱਧਦੀ ਮਨਮਤਿ ਬਾਰੇ ਜਾਣਕਾਰੀ ਸੰਗਤਾਂ ਨੂੰ ਦਿੱਤੀ।

ਦੂਜੇ ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ ਚੰਡੀਗੜ੍ਹ ਵਾਲੇ, ਜਿਹੜੇ ਕਿ ਕੀਰਤਨੀ ਸਿੰਘ ਹਨ, ਨੇ ਜਦ ਦੇਖਿਆ ਕਿ ਸਾਰੀਆਂ ਸੰਗਤਾਂ ਇਕ ਅਖੌਤੀ ਬਾਬੇ ਦੇ ਪੈਰੀਂ ਹੱਥ ਲਾ ਰਹੀਆਂ ਹਨ ਅਤੇ ਕੋਈ ਮਨ੍ਹਾਂ ਨਹੀਂ ਕਰ ਰਿਹਾ, ਤਾਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਮੁੱਖ ਰਖਦਿਆਂ ਹੋਇਆਂ, ਕੀਰਤਨ ਨਾ ਕਰਨ ਦਾ ਵੀਚਾਰ ਬਣਾਇਆ ਅਤੇ ਮਾਈਕ ਤੇ ਹੀ ਮੈਨੇਜਮੈਂਟ ਵਾਲਿਆਂ ਨੂੰ ਅਜਿਹਾ ਕਰਨ ਤੋਂ ਵਰਜਿਆ। ਇਕ ਵਾਰ ਫੇਰ ਮੈਨੇਜਮੈਂਟ ਵਾਲਿਆਂ ਨੂੰ ਗੁਰੂ ਪੰਥ ਦੇ ਸੱਚੇ ਹਮਦਰਦੀਆਂ ਅੱਗੇ ਝੁਕਣਾ ਪਿਆ।

ਸਾਨੂੰ ਸਾਰਿਆਂ ਨੂੰ ਅਜਿਹੇ ਨਿੱਡਰ ਅਤੇ ਗੁਰੂ ਪ੍ਰਤੀ ਦ੍ਰਿੜ੍ਹ ਵਿਸ਼ਵਾਸ ਰੱਖਣ ਵਾਲੇ ਪ੍ਰਚਾਰਕਾਂ ਤੋਂ ਸੇਧ ਲੈਣੀ ਚਾਹੀਦੀ ਹੈ।

— ਹਰਜਿੰਦਰ ਸਿੰਘ, ਪੂਨਾ

ਗ੍ਰੰਥੀ ਸਿੰਘਾਂ ਦੀ ਦਲੇਰੀ

ਕੁਝ ਦਿਨ ਪਹਿਲਾਂ ਸਾਡੇ ਪਿੰਡ ਇਕ ਬਰਾਤ ਆਈ। ਬਰਾਤ ਦਾ ਢੁਕਾਅ ਕੋਈ 1 ਵਜੇ ਹੋਇਆ। 2 ਵਜੇ ਦੇ ਕਰੀਬ ਅਨੰਦ ਕਾਰਜ ਦੀ ਰਸਮ ਸ਼ੁਰੂ ਹੋਈ। ਗ੍ਰੰਥੀ ਸਿੰਘ ਨੇ ਬਰਾਤੀ ਸੱਜਣਾਂ ਨੂੰ ਬੇਨਤੀ ਕੀਤੀ ਕਿ ਲੜਕੇ ਦੀ ਕਲਗੀ ਉਤਾਰੀ ਜਾਵੇ ਤਾਂ ਕਿ ਅਨੰਦ ਕਾਰਜ ਦੀ ਰਸਮ ਪੂਰੀ ਕੀਤੀ ਜਾ ਸਕੇ। ਪਰ ਬਰਾਤੀਆਂ ਨੇ ਜ਼ਿਦ ਕੀਤੀ ਕਿ ਅਸੀਂ ਕਲਗੀ ਨਹੀਂ ਉਤਾਰਨੀ, ਕਲਗੀ ਸਮੇਤ ਹੀ ਲਾਵਾਂ ਹੋਣਗੀਆਂ। ਇਸ ਤੇ ਇਕ ਹੋਰ ਸਿੰਘ ਨੇ, ਜੋ ਕਿ ਅਖੰਡ ਪਾਠੀ, ਸਿੱਖ ਧਰਮ ਦਾ ਪ੍ਰਚਾਰਕ ਅਤੇ ਮਿਸ਼ਨਰੀ ਹੈ, ਨੇ ਵੀ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਕਿ ਗ੍ਰੰਥੀ ਸਿੰਘ ਦੀ ਬੇਨਤੀ ਤੇ ਅਮਲ ਕੀਤਾ ਜਾਵੇ। ਜਦ ਬਰਾਤੀ ਫਿਰ ਵੀ ਨਾ ਮੰਨੇ ਤਾਂ ਗ੍ਰੰਥੀ ਸਿੰਘ ਨੇ ਅਨੰਦ ਕਾਰਜ ਦੀ ਰਸਮ ਕਰਾਉਣ ਤੋਂ ਇਨਕਾਰ ਕਰ ਦਿੱਤਾ। ਇਸ ਗੱਲ ਤੇ ਕੋਈ 15-20 ਮਿੰਟ ਚਰਚਾ ਹੁੰਦੀ ਰਹੀ। ਅੰਤ ਵਿਚ ਬਰਾਤੀਆਂ ਨੇ ਹਾਰ ਮੰਨ ਲਈ ਅਤੇ ਕਲਗੀ ਉਤਾਰ ਕੇ ਹੀ ਲਾਵਾਂ ਹੋਈਆਂ।

— ਕੁਲਦੀਪ ਸਿੰਘ, ਪਲਵਿੰਦਰ ਸਿੰਘ, ਅੰਮ੍ਰਿਤਸਰ

ਸਿੱਖ ਫੁਲਵਾੜੀ

ਬੜੀ ਖੁਸ਼ੀ ਦੀ ਗੱਲ ਹੈ ਕਿ ਮਾਸਿਕ ਪੱਤਰ 'ਸਿੱਖ ਫੁਲਵਾੜੀ' ਪੰਥ ਦੀ ਚੜ੍ਹਦੀ ਕਲਾ ਲਈ ਵਡਮੁੱਲਾ ਯੋਗਦਾਨ ਪਾ ਰਿਹਾ ਹੈ ਅਤੇ ਸਿੱਖ ਕੌਮ ਨੂੰ ਬ੍ਰਾਹਮਣੀ ਕਰਮ-ਕਾਂਡਾਂ ਤੇ ਵਹਿਮਾਂ-ਭਰਮਾਂ ਤੋਂ ਦੂਰ ਰਹਿ ਕੇ ਆਪਣਾ ਨਿਆਰਾਪਨ ਕਾਇਮ ਰੱਖਣ ਲਈ ਪ੍ਰੇਰਨਾ-ਸ੍ਰੋਤ ਬਣ ਗਿਆ ਹੈ। ਅਕਾਲ ਪੁਰਖ ਅੱਗੇ ਇਹ ਅਰਦਾਸ ਹੈ ਕਿ ਇਹ ਮਾਸਿਕ ਪੱਤਰ ਹੋਰ ਉਨਤੀ ਕਰੇ।

ਦਾਸ ਇਸ ਮਾਸਿਕ ਪੱਤਰ ਨੂੰ ਪਿਛਲੇ 15 ਸਾਲਾ ਤੋਂ ਲਗਾਤਾਰ ਪੜ੍ਹਦਾ ਆ ਰਿਹਾ ਹੈ, ਜਿਸ ਨੇ ਮੇਰੇ ਜੀਵਨ ਵਿਚ ਕਾਫ਼ੀ ਤਬਦੀਲੀ ਲਿਆਂਦੀ ਹੈ ਅਤੇ ਸ਼ੁਕਰ ਹੈ ਕਿ ਇਸ ਪਰਚੇ ਰਾਹੀ ਗੁਰਮਤਿ ਦੀ ਸੋਝੀ ਪ੍ਰਾਪਤ ਕੀਤੀ ਹੈ।

ਪਿਛਲੇ ਦਿਨਾਂ ਵਿਚ ਬੜੇ ਉਤਸ਼ਾਹ ਨਾਲ 'ਸਿੱਖ ਫੁਲਵਾੜੀ' ਦੇ ਮੈਂਬਰ ਬਣਾਉਣ ਲਈ ਦਾਸ ਨੇ ਉੱਦਮ ਕੀਤਾ ਤੇ ਲੋਕਾਂ ਦੇ ਵੱਖ-ਵੱਖ ਵਿਚਾਰ ਵੀ ਸਰਵਣ ਕੀਤੇ। ਕਈ ਗੁਰਸਿੱਖ ਕਹਾਉਣ ਵਾਲੇ ਤਾਂ ਇਹ ਕਹਿ ਕੇ ਪਰਚਾ ਨਹੀਂ ਲਗਵਾਉਂਦੇ ਕਿ ਉਹਨਾਂ ਕੋਲ ਸਮਾਂ ਨਹੀਂ ਹੈ। ਉਹ ਵਾਹਿਗੁਰੂ ਦਾ ਪਿਆਰ ਪ੍ਰਾਪਤ ਨਹੀਂ ਕਰਨਾ ਚਾਹੁੰਦੇ। ਇਸ ਤਰ੍ਹਾਂ ਉਹਨਾਂ ਵਲੋਂ ਕਈ ਤਰ੍ਹਾਂ ਦੇ ਬਹਾਨੇ ਬਣਾਏ ਜਾਂਦੇ ਹਨ। ਪਰਚੇ ਦੀ ਸਾਲਾਨਾ ਭੇਟਾ 50 ਰੁਪਏ ਨੂੰ ਵੀ ਜ਼ਿਆਦਾ ਸਮਝਦੇ ਹਨ ਜਦ ਕਿ ਉਹ ਹੋਰ ਕਈ ਤਰ੍ਹਾਂ ਦੀ ਫਜ਼ੂਲ ਖਰਚੀ ਕਰਨ ਤੋਂ ਨਹੀਂ ਝਿਜਕਦੇ। ਪਰ ਜਿਨ੍ਹਾਂ ਗੁਰਸਿੱਖਾਂ ਤੇ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਹੈ, ਉਹ ਬੜੇ ਚਾਅ ਨਾਲ ਇਸ ਪਰਚੇ ਨੂੰ ਲਗਵਾਉਂਦੇ ਹਨ ਅਤੇ ਪੜ੍ਹਦੇ ਹਨ। **'ਸਿੱਖ ਫੁਲਵਾੜੀ'** ਹਰ ਘਰ ਵਿਚ ਪਹੁੰਚਣਾ ਅਤਿ ਜ਼ਰੂਰੀ ਹੈ, ਜਿਸ ਨਾਲ ਮਨਮਤਿ ਦੇ ਪਰਚਾਰ, ਪਤਿਤਪੁਣੇ ਤੇ ਨਸ਼ਿਆਂ ਦੀ ਵਰਤੋਂ ਨੂੰ ਠੱਲ੍ਹ ਪਾਈ ਜਾ ਸਕੇ। ਇਸ ਨਾਲ, ਸਾਡਾ ਕੌਮ ਦਾ ਸਰਮਾਇਆ, ਨੌਜਵਾਨ ਵੀਰ ਆਗਿਆਕਾਰੀ ਤੇ ਪੰਥਕ ਜਜ਼ਬੇ ਵਾਲੇ ਹੋਣਗੇ ਅਤੇ ਉਨ੍ਹਾਂ ਦੇ ਦੁੱਖਾਂ, ਕਲੇਸ਼ਾਂ ਆਦਿ ਦਾ ਨਾਸ਼ ਹੋਵੇਗਾ।

ਮੇਰੀ ਹਰ ਪੰਥ ਦਰਦੀ, ਜਥੇਬੰਦੀ ਤੇ ਸੰਸਥਾ ਨੂੰ ਪੁਰਜ਼ੋਰ ਅਪੀਲ ਹੈ ਕਿ **'ਸਿੱਖ ਫੁਲਵਾੜੀ'** ਮਾਸਿਕ ਪੱਤਰ ਘਰ-ਘਰ ਪਹੁੰਚਾਉਣ ਲਈ ਯਤਨ ਕਰਨ, ਤਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ, ਗੌਰਵਮਈ ਇਤਿਹਾਸਿਕ ਵਿਰਸੇ ਅਤੇ ਸਿੱਖ ਸਭਿਆਚਾਰ ਦਾ ਪ੍ਰਚਾਰ ਅਤੇ ਪ੍ਰਸਾਰ ਹੋ ਸਕੇ। ❖❖❖

ਸਵਾਲ ? ਜਵਾਬ

ਸਵਾਲ—ਪੁਸਤਕ 'ਸਾਧੂ ਦਯਾ ਨੰਦ ਤੇ ਮੇਰਾ ਸੰਬਾਦ' ਕ੍ਰਿਤ ਗਿਆਨੀ ਦਿੱਤ ਸਿੰਘ ਜੀ, ਵਿਚ ਪੰਨਾ 51 ਅਤੇ 58 ਉਤੇ ਲਿਖੇ 'ਚਾਰ ਵਾਕ ਮੱਤ' ਤੋਂ ਕੀ ਭਾਵ ਹੈ?

— ਸ: ਜਸਕਰਨ ਸਿੰਘ, ਰੋਹਿਤਾ ਖਾਸ (ਪਟਿਆਲਾ)

ਜਵਾਬ—'ਚਾਰ ਵਾਕ ਮੱਤ' ਤੋਂ ਭਾਵ ਹੈ 'ਚਾਰ ਵਾਕ' ਨਾਮ ਦੇ ਮਨੁੱਖ ਦਾ ਚਲਾਇਆ ਹੋਇਆ ਨਾਸਤਕ-ਮੱਤ।

'ਚਾਰ ਵਾਕ' ਨਾਮ ਦਾ ਮੁਨੀ ਆਚਾਰੀਆ ਵ੍ਰਿਹਸਪਤੀ ਦਾ ਚੇਲਾ ਸੀ, ਜਿਸ ਨੇ ਨਾਸਤਕ-ਮੱਤ ਦਾ ਪ੍ਰਚਾਰ ਕੀਤਾ ਅਤੇ 'ਚਾਰ ਵਾਕ ਦਰਸ਼ਨ' ਰਚਿਆ। ਚਾਰ ਵਾਕ ਮੱਤ ਦਾ ਇਹ ਸਿਧਾਂਤ ਹੈ ਕਿ ਦੇਹ ਤੋਂ ਭਿੰਨ ਕੋਈ ਆਤਮਾ ਨਹੀਂ, ਸੰਸਾਰ ਵਿਚ ਸੁਖ ਭੋਗਣਾ ਹੀ ਮੁੱਖ ਪੁਰਸ਼ਾਰਥ ਹੈ। ਪ੍ਰਤੱਖ ਤੋਂ ਭਿੰਨ ਕੋਈ ਪ੍ਰਮਾਣ ਨਹੀਂ, ਚਾਰ ਤੱਤਾਂ ਤੋਂ ਸਾਰੀ ਸ੍ਰਿਸ਼ਟੀ ਅਤੇ ਚੇਤੰਨਤਾ ਦੀ ਉਤਪਤੀ ਹੋਈ ਹੈ; ਪਰਲੋਕ ਅਤੇ ਪੁਨਰਜਨਮ ਨਹੀਂ ਹੈ; ਮਰ ਜਾਣਾ ਹੀ ਮੁਕਤੀ ਹੈ। ਸੋ ਚਾਰ ਵਾਕ ਮੱਤ ਅੱਜਕਲ੍ਹ ਦੇ 'ਤਰਕਸ਼ੀਲ ਮੱਤ' ਨਾਲ ਮਿਲਦਾ ਜੁਲਦਾ ਹੈ।

'ਗੁਰਮਤਿ' ਚਾਰ ਵਾਕ ਦੇ ਸਭ ਸਿਧਾਂਤਾਂ ਦਾ ਖੰਡਨ ਕਰਦੀ ਹੈ। ਗੁਰਮਤਿ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰਖਦੀ ਹੈ ਅਤੇ ਸਭ ਜੀਵਾਂ ਵਿਚ ਪਰਮਾਤਮਾ ਦੀ ਅੰਸ਼-ਆਤਮਾ ਦੀ ਹੋਂਦ ਨੂੰ ਮੰਨਦੀ ਹੈ। ਮਨੁੱਖਾ ਜੀਵਨ ਦਾ ਮਨੋਰਥ ਨਾਮ ਸਿਮਰਨ ਰਾਹੀਂ ਪ੍ਰਭੂ ਨਾਲ ਲਿਵ ਜੋੜ ਕੇ ਆਪਣੇ ਆਚਰਣ ਨੂੰ ਉੱਚਾ-ਸੁੱਚਾ ਬਣਾਉਣਾ ਹੈ। ਮਨੁੱਖ ਨੂੰ ਆਪਣੇ ਕੀਤੇ ਦਾ ਫਲ ਅਵੱਸ਼ ਭੋਗਣਾ ਪੈਂਦਾ ਹੈ ਅਤੇ ਪੁਨਰਜਨਮ ਦਾ ਸਿਧਾਂਤ ਇਕ ਹਕੀਕਤ ਹੈ।

ਸਵਾਲ—ਸਿੱਖ ਪੰਥ ਅਰਦਾਸ ਕਰਨ ਵੇਲੇ 'ਰਾਜ ਕਰੇਗਾ ਖਾਲਸਾ' ਵਾਲਾ ਦੋਹਰਾ ਪੜ੍ਹਦਾ ਹੈ। ਇਸ ਦੋਹਰੇ ਦਾ ਲੇਖਕ ਕੌਣ ਹੈ ? ਕਿਹੜਾ ਖਾਲਸਾ ਕਦੋਂ ਰਾਜ ਕਰੇਗਾ? *— ਭਾਈ ਮੱਖਣ ਸਿੰਘ ਸਾਹੋਕੇ, ਮੋਗਾ*

ਜਵਾਬ—ਇਹ ਦੋਹਰਾ ਗਿਆਨੀ ਗਿਆਨ ਸਿੰਘ ਵਲੋਂ ਰਚਿਤ ਗਰੰਥ 'ਪੰਥ ਪ੍ਰਕਾਸ਼' ਵਿਚੋਂ ਲਿਆਂ ਗਿਆ ਹੈ। ਖਾਲਸਾ ਉਹੀ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹੇਠਲੇ ਉਪਦੇਸ਼ ਤੇ ਚੱਲਦਾ ਹੈ —

ਜਾਗਤ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤਿ ਜਗੈ ਘਟ ਮੈ,
ਤਬ ਖਾਲਸ ਤਾਹਿ ਨਖਾਲਸ ਜਾਨੈ॥

ਭਾਵ ਗੁਰਸਿੱਖ ਆਕਾਲ ਪੁਰਖ ਦਾ ਸਿਮਰਨ ਦਿਨ ਰਾਤ ਕਰੇ, ਬਰਤ, ਕਬਰਾਂ, ਮੜ੍ਹੀਆਂ, ਮੱਠਾਂ ਨੂੰ ਭੁੱਲ ਕੇ ਵੀ ਨਾ ਮੰਨੇ। ਤੀਰਥਾਂ ਤੇ ਫਿਰਨਾ, ਦਾਨ ਕਰਨੇ, ਦਇਆ ਪਾਲਣੀ, ਧੂਣੀਆਂ ਆਦਿ ਤਪਾ ਕੇ ਤਪ ਕਰਨੇ, ਸੰਜਮ ਪਾਲਣੇ ਆਦਿ ਫੋਕਟ ਕਰਮਾਂ ਵਲ ਧਿਆਨ ਨਾ ਦੇਵੇ। ਇਸ ਰਾਹ ਤੇ ਚਲਦੇ ਗੁਰਸਿੱਖ ਅੰਦਰ ਪ੍ਰਭੂ ਜੋਤਿ ਪ੍ਰਗਟ ਹੋ ਜਾਂਦੀ ਹੈ। ਉਸਨੂੰ ਨਿਰੋਲ ਖ਼ਾਲਸਾ ਆਖਦੇ ਹਨ।

ਦਸਮ ਪਾਤਸ਼ਾਹ ਅਨੁਸਾਰ ਰਾਜਸੀ ਸ਼ਕਤੀ ਤੋਂ ਬਿਨਾਂ ਧਰਮ ਦੀ ਰਾਖੀ ਨਹੀਂ ਹੋ ਸਕਦੀ। ਬਾਬਾ ਬੰਦਾ ਸਿੰਘ ਬਹਾਦਰ ਸਮੇਂ ਮੁਗ਼ਲਾਂ ਨੇ ਸਿੱਖ ਸ਼ਕਤੀ ਦਾ ਬਹੁਤ ਨੁਕਸਾਨ ਕੀਤਾ, ਹਜ਼ਾਰਾਂ ਸਿੰਘ ਸ਼ਹੀਦ ਹੋਏ। ਉਸ ਸਮੇਂ ਵੀ ਸਿੱਖਾਂ ਦਾ ਵਿਸ਼ਵਾਸ ਸੀ ਕਿ ਖਾਲਸਾ ਜ਼ਰੂਰ ਰਾਜ ਕਰੇਗਾ। ਸਿੱਖਾਂ ਨੇ 60 ਸਾਲ ਦੇ ਸੰਘਰਸ਼ ਤੋਂ ਬਾਦ ਮਿਸਲਾਂ ਦੇ ਰੂਪ ਵਿੱਚ ਰਾਜ ਕਾਇਮ ਕੀਤਾ। ਫਿਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੋਂਦ ਵਿਚ ਆਇਆ। ਧਾਰਮਿਕ ਅਕੀਦੇ ਅਤੇ ਰਾਜਸੀ ਨਿਸ਼ਾਨੇ ਲਈ ਪੰਥ ਦੀ 'ਆਜ਼ਾਦ ਹਸਤੀ' ਦਾ ਪ੍ਰਤੀਕ ਇਹ ਦੋਹਰਾ ਅਰਦਾਸ ਮਗਰੋਂ ਪੁਰਾਤਨ ਸਮੇਂ ਤੋਂ ਪੜ੍ਹਿਆ ਜਾਂਦਾ ਹੈ। ਇਹ ਸਿੱਖਾਂ ਨੂੰ ਹਰ ਪ੍ਰਕਾਰ ਦੇ ਸਿਆਸੀ ਦਬਦਬੇ ਤੋਂ ਆਜ਼ਾਦ ਹੋ ਕੇ ਵਿਚਰਨ ਦੀ ਪ੍ਰੇਰਨਾ ਦਿੰਦਾ ਹੈ।

ਸਵਾਲ—ਗੁਰਬਾਣੀ ਵਿਚ ਕਈ ਪੁਰਾਤਨ ਭਗਤਾਂ ਅਤੇ ਰਾਜਿਆਂ ਦੇ ਨਾਂ ਦਿੱਤੇ ਗਏ ਹਨ। ਕੀ ਉਨ੍ਹਾਂ ਭਗਤਾਂ ਤੇ ਰਾਜਿਆਂ ਨਾਲ ਸੰਬੰਧਤ ਸਾਖੀਆਂ ਦੇ ਆਧਾਰ ਤੇ ਗੁਰਬਾਣੀ ਦੀ ਕਥਾ ਕਰਨੀ ਚਾਹੀਦੀ ਹੈ ?

— ਭਾਈ ਕਿਰਪਾਲ ਸਿੰਘ

ਜਵਾਬ—ਗੁਰਦੁਆਰਾ ਸਾਹਿਬ ਵਿਖੇ ਕਥਾ ਕਰਨਾ ਗੁਰਮਤਿ ਚੇਤੰਨਤਾ ਤੇ ਆਧਾਰਿਤ ਹੈ। ਹਰੀ ਦੇ ਨਾਮ ਦੀ ਹੀ ਕਥਾ ਹੋਣੀ ਚਾਹੀਦੀ ਹੈ।

ਸੰਗਤ ਨੂੰ ਸ਼ਬਦਾਂ ਦੇ ਅਰਥ-ਭਾਵ ਸਮਝਾ ਕੇ ਅਕਾਲ ਪੁਰਖ ਅਤੇ ਗੁਰੂ ਤੇ ਭਰੋਸਾ ਪੈਦਾ ਕਰਨਾ ਕਥਾਵਾਚਕ ਲਈ ਜ਼ਰੂਰੀ ਹੈ। ਗੁਰਮਤਿ ਸਿਧਾਂਤ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ। ਪ੍ਰਮਾਣੀਕ ਸਾਖੀਆਂ ਹੀ ਸੁਣਾਉਣੀਆਂ ਯੋਗ ਹਨ। ਮਨਘੜ੍ਹਤ ਤੇ ਝੂਠੀਆਂ ਸਾਖੀਆਂ ਸੁਣਾਉਣ ਨਾਲ ਜਿਥੇ ਗੁਰਮਤਿ ਸਿਧਾਂਤਾਂ ਦੀ ਵਿਰੋਧਤਾ ਹੁੰਦੀ ਹੈ, ਉਥੇ ਸੰਗਤ ਦਾ ਵਿਸ਼ਵਾਸ ਅਨਮਤੀ ਵਿਚਾਰਾਂ ਵਲ ਦੌੜਦਾ ਹੈ। ਮੁੱਖ ਤੌਰ ਤੇ ਸ਼ਬਦ ਨੂੰ ਹੀ ਵਿਆਖਿਆ ਦਾ ਆਧਾਰ ਬਣਾਉਣਾ ਅਤੀ ਜ਼ਰੂਰੀ ਹੈ। ਪ੍ਰਭੂ ਦੇ ਗੁਣ ਗਾਉਣ ਅਤੇ ਕਥਾ ਸੁਣਨ ਨਾਲ ਵਿਗਾਸ ਪੈਦਾ ਹੁੰਦਾ ਹੈ ਅਤੇ ਕੂੜ ਦੀ ਪਾਲ ਖਤਮ ਹੁੰਦੀ ਹੈ—

ਗੁਣ ਗਾਵਤ ਮਨੁ ਹਰਿਆ ਹੋਵੈ॥

ਕਥਾ ਸੁਣਤ ਮਲੁ ਸਗਲੀ ਖੋਵੈ॥

(ਮਾਝ, ਮ:੫, ਪੰਨਾ ੧੦੪)

ਸਵਾਲ—ਹੇਠਾਂ ਲਿਖੇ ਸਲੋਕ ਦੇ ਅਰਥ ਦੱਸੋ ਜੀ—

ਪੰਜਿ ਨਿਵਾਜਾ, ਵਖਤ ਪੰਜਿ, ਪੰਜਾ ਪੰਜੇ ਨਾਉ॥
ਪਹਿਲਾ ਸਚੁ, ਹਲਾਲ ਦੁਇ, ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ, ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ, ਤਾ ਮੁਸਲਮਾਣੁ ਸਦਾਇ॥
ਨਾਨਕ, ਜੇਤੇ ਕੂੜਿਆਰ, ਕੂੜੈ ਕੂੜੀ ਪਾਇ॥੩॥

(ਪੰਨਾ ੧੪੧)

— ਸ: ਰੇਸ਼ਮ ਸਿੰਘ ਖਾਲੜਾ

ਜਵਾਬ—ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਣ ਕੀਤਾ ਹੋਇਆ ਇਹ ਸਲੋਕ 'ਮਾਝ ਕੀ ਵਾਰ' ਵਿਚ ਸੱਤਵੀਂ ਪਉੜੀ ਦਾ ਤੀਜਾ ਸਲੋਕ ਹੈ। ਇਸ ਸਲੋਕ ਵਿਚ ਗੁਰੂ ਜੀ, ਮੁਸਲਮਾਨ ਮੱਤ ਦੀਆਂ ਪੰਜ ਨਿਮਾਜ਼ਾਂ ਦਾ ਹਵਾਲਾ ਦੇ ਕੇ ਗੁਰਮਤਿ ਸਿਧਾਂਤ ਸਪੱਸ਼ਟ ਕਰਦੇ ਹਨ।

ਅਰਥ—ਮੁਸਲਮਾਨ ਮੱਤ ਵਿਚ ਪੰਜ ਨਿਮਾਜ਼ਾਂ, ਪੰਜ ਵਕਤ ਪੜ੍ਹੀਆਂ ਜਾਂਦੀਆਂ ਹਨ ਤੇ ਉਨ੍ਹਾਂ ਦੇ ਨਾਮ ਵੀ ਪੰਜ ਹਨ। (ਪਰ ਸਾਡੇ ਮੱਤ ਵਿਚ) ਸੱਚ ਬੋਲਣਾ ਹੀ ਨਿਮਾਜ਼ ਦਾ ਪਹਿਲਾ ਨਾਮ ਹੈ, ਹੱਕ ਦੀ ਕਮਾਈ ਦੂਜਾ ਨਾਮ ਹੈ, ਰੱਬ ਤੋਂ ਸਭ ਦਾ ਭਲਾ ਮੰਗਣਾ ਨਿਮਾਜ਼ ਦਾ ਤੀਜਾ ਨਾਮ ਹੈ। ਮਨ ਤੇ ਨੀਅਤ ਨੂੰ ਸਾਫ਼ ਰੱਖਣਾ ਚੌਥੀ ਨਿਮਾਜ਼ ਹੈ। ਪ੍ਰਭੂ ਦੀ ਸਿਫਤ ਸਲਾਹ ਤੇ ਵਡਿਆਈ ਕਰਨਾ ਪੰਜਵੀਂ ਨਿਮਾਜ਼ ਹੈ। ਇਨ੍ਹਾਂ ਦੇ ਨਾਲ ਹੀ ਉੱਚਾ ਆਚਰਣ ਬਣਾਉਣ ਰੂਪੀ ਕਲਮਾ ਪੜ੍ਹੋ, ਤਾਂ ਹੀ ਆਪਣੇ ਆਪ ਨੂੰ ਸੱਚਾ ਮੁਸਲਮਾਨ ਅਖਵਾਇਆ ਜਾ ਸਕਦਾ ਹੈ।

ਹੇ ਨਾਨਕ! ਜਿਤਨੇ ਵੀ ਇਨ੍ਹਾਂ (ਸ਼ੁਭ ਗੁਣਾਂ ਦੀਆਂ) ਨਿਮਾਜ਼ਾਂ ਤੇ (ਉੱਚੇ ਆਚਰਣ ਰੂਪੀ) ਕਲਮੇ ਤੋਂ ਖੁੰਝੇ ਹੋਏ ਹਨ, ਉਹ ਕੂੜ ਦੇ ਵਪਾਰੀ ਹਨ ਤੇ ਕੂੜੇ ਦੀ ਜ਼ਾਤ ਵੀ ਕੂੜੀ ਹੀ ਹੁੰਦੀ ਹੈ।

ਸਵਾਲ—ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ,
ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ,
ਜਿਨਿ ਕਲ ਰਾਖੀ ਮੇਰੀ॥
ਦੇ ਅਰਥ ਦੱਸੋ ਜੀ।

— ਸ: ਹਰਭਜਨ ਸਿੰਘ, ਖੱਬੇ ਰਾਜਪੂਤਾਂ (ਅੰਮ੍ਰਿਤਸਰ)

ਜਵਾਬ—ਇਹ ਤੁਕਾਂ ਸ੍ਰੀ ਗੁਰੂ ਅਰਜੁਨ ਦੇਵ ਜੀ ਵਲੋਂ ਉਚਾਰਨ ਕੀਤੀਆਂ ਗਈਆਂ ਹਨ ਅਤੇ ਸੂਹੀ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੭੫੦ ਉਤੇ ਦਰਜ ਹਨ। ਗੁਰੂ ਜੀ ਫ਼ੁਰਮਾਨ ਕਰਦੇ ਹਨ, ਹੇ ਮੇਰੇ ਮਾਲਕ ਪ੍ਰਭੂ, ਮੈਨੂੰ ਇਤਨਾ ਗਿਆਨ ਨਹੀਂ ਸੀ ਤੇ ਤੇਰੇ ਚਰਨਾਂ ਵਿਚ ਸੁਰਤ ਟਿਕਾਉਣੀ ਨਹੀਂ ਸੀ ਜਾਣਦਾ ਅਤੇ ਨਾ ਹੀ ਮੈਨੂੰ ਹੋਰ ਕਿਸੇ ਧਾਰਮਿਕ ਕੰਮ ਦੀ ਸੂਝ ਸੀ। ਪਰ ਤੇਰੀ ਮਿਹਰ ਸਦਕਾ ਮੈਨੂੰ ਸਭ ਤੋਂ ਵੱਡਾ ਸਤਿਗੁਰੂ, ਗੁਰੂ ਨਾਨਕ, ਮਿਲ ਗਿਆ ਹੈ, ਜਿਸ ਨੇ ਮੇਰੀ ਲਾਜ ਰੱਖ ਲਈ ਹੈ, ਭਾਵ ਤੇਰੇ ਚਰਨਾਂ ਨਾਲ ਮੈਨੂੰ ਜੋੜ ਦਿੱਤਾ ਹੈ।

ਸਵਾਲ—ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਜਪੁ ਜੀ ਸਾਹਿਬ ਅਤੇ ਅਨੰਦੁ ਸਾਹਿਬ ਪੜ੍ਹ ਕੇ ਅਰਦਾਸ ਕਰਨੀ ਚਾਹੀਦੀ ਹੈ ਜਾਂ ਕੇਵਲ ਅਨੰਦੁ ਸਾਹਿਬ ਹੀ ਪੜ੍ਹਨਾ ਚਾਹੀਦਾ ਹੈ ?

—ਸ: ਚਮੇਲ ਸਿੰਘ, ਪਿੰਡ ਹਕੀਮ ਬੇਗ, ਗੁਰਦਾਸਪੁਰ

ਜਵਾਬ—ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਜਪੁ ਜੀ ਸਾਹਿਬ ਪੜ੍ਹਨ ਦਾ ਕੋਈ ਵਿਧਾਨ ਨਹੀਂ ਹੈ। ਸਿੱਖ ਰਹਿਤ ਮਰਯਾਦਾ ਵਿਚ 'ਭੋਗ' ਸਿਰਲੇਖ ਤਹਿਤ ਸਪੱਸ਼ਟ ਹਦਾਇਤ ਹੈ ਕਿ—

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਹਿਜ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ...। ਇਸ ਤੋਂ ਉਪਰੰਤ ਅਨੰਦੁ ਸਾਹਿਬ ਦਾ ਪਾਠ ਕਰਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

ਸਵਾਲ—ਨਗਰ ਕੀਰਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਅੱਗੇ ਨੌਜਵਾਨ ਵੀਰਾਂ ਦਾ ਢੋਲ ਦੀ ਤਰਜ਼ ਤੇ ਨੱਚਣਾ ਉਚਿਤ ਹੈ ਜਾਂ ਨਹੀਂ ?

— ਸ: ਅਮਰੀਕ ਸਿੰਘ, ਘੱਲੀਆਂ ਖੁਰਦ

ਜਵਾਬ—ਨਗਰ ਕੀਰਤਨ ਸਮੇਂ ਗ਼ੈਰ-ਸਿੱਖ ਬੈਂਡ ਵਾਜੇ ਵਾਲਿਆਂ ਦਾ ਹੋਣਾ ਅਤੇ ਨੌਜਵਾਨ ਵੀਰਾਂ ਦਾ ਅੱਗੇ ਹੋ ਕੇ ਨੱਚਣਾ ਉਚਿਤ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਨਿਸ਼ਾਨ ਸਾਹਿਬ ਤੇ ਨਗਾਰੇ ਦਾ ਹੋਣਾ ਅਤਿ ਜ਼ਰੂਰੀ ਹੈ। ਨੱਚਣ ਟੱਪਣ ਦੀ ਥਾਂ ਤੇ ਬੜੇ ਸਹਿਜ ਵਿਚ ਗੁਰਬਾਣੀ ਦੇ ਸ਼ਬਦ ਗਾਏ ਜਾਣ ਜਿਨ੍ਹਾਂ ਵਿਚ ਭਗਤੀ, ਸੇਵਾ, ਪ੍ਰੇਮ, ਸ਼ਰਧਾ ਅਤੇ ਆਪਸੀ ਪ੍ਰੀਤ ਵਧਾਉਣ ਦਾ ਉਪਦੇਸ਼ ਹੋਵੇ। ਗੁਰਮੁੱਖ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੱਛੇ ਇਕ ਤਰਤੀਬ ਤੇ ਅਨੁਸ਼ਾਸਨ ਵਿਚ ਸ਼ਬਦ ਪੜ੍ਹਦੇ ਜਾਣ। ਮੇਲੇ ਵਾਂਗ ਸ਼ੋਰ-ਸ਼ਰਾਬੇ ਵਾਲੀ ਦਿੱਖ ਨਹੀਂ ਹੋਣੀ ਚਾਹੀਦੀ।

ਸਵਾਲ—ਕਈ ਸਿੱਖ ਅੰਮ੍ਰਿਤ ਛੱਕ ਕੇ ਵੀ ਦੇਵੀ ਦੇਵਤਿਆਂ ਦੇ ਮੰਦਰਾਂ, ਕਬਰਾਂ ਤੇ ਦੰਭੀ ਦੇਹਧਾਰੀ ਗੁਰੂਆਂ ਦੇ ਡੇਰਿਆਂ ਵਿਚ ਮੱਥੇ ਰਗੜਦੇ ਫਿਰਦੇ ਹਨ। ਕਿਉਂ ?

— ਸ: ਪਰਤਾਪ ਸਿੰਘ, ਫਿਰੋਜ਼ਪੁਰ

ਜਵਾਬ—ਗੁਰਮਤਿ ਸਿਧਾਂਤਾਂ ਤੋਂ ਅਣਜਾਣ ਸਿੱਖ ਹੀ ਅਜਿਹਾ ਕਰਦੇ ਹਨ। ਉਨ੍ਹਾਂ ਨੂੰ ਗੁਰਮਤਿ ਦੀ ਸੋਝੀ ਨਹੀਂ ਹੈ। ਅਜਿਹਾ ਗੁਰਮਤਿ ਪ੍ਰਚਾਰ ਲਈ ਸਹੀ ਢੰਗ ਤਰੀਕੇ ਨਾ ਅਪਨਾਉਣ ਕਾਰਨ ਹੋ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਹੇਠ ਲਿਖੇ ਸਵੱਯੇ ਵਿਚ ਹਦਾਇਤ ਕਰਦੇ ਹਨ ਕਿ ਸਿੱਖ ਨੇ ਇਕ ਅਕਾਲ ਪੁਰਖ ਦੀ ਹੀ ਪੂਜਾ ਕਰਨੀ ਹੈ। ਵਰਤ, ਮੜ੍ਹੀ, ਮੱਠ, ਕਬਰਾਂ, ਮੂਰਤੀਆਂ ਆਦਿ ਨੂੰ ਭੁੱਲ ਕੇ ਵੀ ਨਹੀਂ ਮੰਨਣਾ। ਫੁਰਮਾਨ ਹੈ —

ਜਾਗਤ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜ੍ਹੀ ਮੱਟ ਭੂਲ ਨ ਮਾਨੈ॥

ਸਵਾਲ—ਹੇਠ ਲਿਖੀਆਂ ਤੁਕਾਂ ਦੇ ਅਰਥ ਦੱਸੋ ਅਤੇ ਸਹੀ ਪੰਨਾ ਵੀ ਦੱਸੋ ਜੀ—

(1) ਜੋ ਸਰਣਿ ਆਵੈ ਤਿਸੁ ਕੰਠਿ ਲਾਵੈ,
ਇਹੁ ਬਿਰਦੁ ਸੁਆਮੀ ਸੰਦਾ॥
ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ,
ਸਦਾ ਕੇਲ ਕਰੰਦਾ॥

(2) ਵਿਣੁ ਤੁਧੁ ਹੋਰੁ ਜਿ ਮੰਗਣਾ,
ਸਿਰਿ ਦੁਖਾ ਕੈ ਦੁਖ॥ *(ਪੰਨਾ ੫੪੪)*
ਦੇਹਿ ਨਾਮੁ ਸੰਤੋਖੀਆ, ਉਤਰੈ ਮਨ ਕੀ ਭੁਖ॥
ਗੁਰਿ ਵਣੁ ਤਿਣੁ ਹਰਿਆ ਕੀਤਿਆ,
ਨਾਨਕ, ਕਿਆ ਮਨੁਖ॥ *(ਪੰਨਾ ੯੫੮)*

— ਸ: ਗੁਰਬਚਨ ਸਿੰਘ, ਬੀ.ਐਸ.ਐਫ., 56 ਏ.ਪੀ.ਓ.

ਜਵਾਬ—

(1) **ਅਰਥ**—ਇਹ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੫੪੪ ਤੇ ਰਾਗ ਬਿਹਾਗੜਾ ਵਿਚ ਉਚਾਰਨ ਕੀਤੇ ਗੁਰੂ ਅਰਜੁਨ ਦੇਵ ਜੀ ਦੇ ਸ਼ਬਦ ਦੇ ਅਖੀਰ ਵਿਚ ਆਉਂਦੀਆਂ ਹਨ। ਅਰਥ ਇਸ ਤਰ੍ਹਾਂ ਹਨ—

ਨਾਨਕ ਬੇਨਤੀ ਕਰਦਾ ਹੈ ਕਿ ਮਾਲਕ-ਪ੍ਰਭੂ ਦਾ ਮੁੱਢ ਤੋਂ ਹੀ ਇਹੀ ਸੁਭਾਉ ਹੈ, ਉਸਦਾ ਬਿਰਦ ਹੈ ਕਿ ਜਿਹੜਾ ਜੀਵ ਉਸਦੀ ਸ਼ਰਨ ਵਿਚ ਆਉਂਦਾ ਹੈ, ਉਸਨੂੰ ਉਹ ਆਪਣੇ ਗਲ ਨਾਲ ਲਾ ਲੈਂਦਾ ਹੈ ਤੇ ਉਹ ਪ੍ਰਭੂ ਜੋ ਸਦਾ ਚੋਜ ਕਰਦਾ ਹੈ, ਉਸ ਜੀਵ ਨੂੰ ਮਿਲ ਪੈਂਦਾ ਹੈ।

(2) **ਅਰਥ**—ਇਹ ਸਲੋਕ ਗੁਰੂ ਅਰਜੁਨ ਦੇਵ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੯੫੮ ਤੇ ਰਾਮਕਲੀ ਕੀ ਵਾਰ ਦੀ ਤੀਜੀ ਪਉੜੀ ਦੇ ਨਾਲ ਦੂਜਾ ਸਲੋਕ ਹੈ। ਗੁਰੂ ਜੀ ਇਸ ਸਲੋਕ ਵਿਚ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ, ਤੇਰੇ ਨਾਮ ਤੋਂ ਬਿਨਾਂ ਹੋਰ ਕੁਝ ਮੰਗਣਾ ਦੁੱਖ ਸਹੇੜਨਾ ਹੀ ਹੈ। ਹੇ ਪ੍ਰਭੂ, ਮੈਨੂੰ ਆਪਣਾ ਨਾਮ ਦੇਹ ਤਾਂ ਜੋ ਮੈਨੂੰ ਸੰਤੋਖ ਆ ਜਾਵੇ ਤੇ ਮੇਰੇ ਮਨ ਦੀ ਤ੍ਰਿਸ਼ਨਾ ਮੁੱਕ ਜਾਏ।

ਹੇ ਨਾਨਕ, ਜਿਸ ਗੁਰੂ ਨੇ ਜੰਗਲ ਦਾ ਸੁੱਕਾ ਘਾਹ ਹਰਾ ਕਰ ਦਿੱਤਾ, ਮਨੁੱਖਾਂ ਨੂੰ ਹਰਾ ਕਰਨਾ ਉਸਦੇ ਲਈ ਕਿਹੜੀ ਵੱਡੀ ਗੱਲ ਹੈ ?

ਸਵਾਲ—ਗੁਰਬਾਣੀ ਵਿਚ 'ਸਾਧ' ਅਤੇ 'ਸਾਧ ਜਨਾ' ਸ਼ਬਦ ਵਿਚ ਕਿਹੜੇ 'ਸਾਧ' ਅਤੇ 'ਸਾਧ ਜਨਾ' ਵਲ ਇਸ਼ਾਰਾ ਹੈ ? *— ਸ: ਦਲੀਪ ਸਿੰਘ, ਅੰਮ੍ਰਿਤਸਰ*

ਜਵਾਬ—ਗੁਰਬਾਣੀ ਵਿਚ ਆਏ ਸ਼ਬਦਾਂ 'ਸਾਧ' ਅਤੇ 'ਸਾਧ ਜਨਾ' ਵਿਚ ਕਿਸੇ ਵਿਸ਼ੇਸ਼ ਭੇਸ, ਲਿਬਾਸ ਦੇ ਧਾਰਨੀ ਅਤੇ ਨਾ ਹੀ ਕਿਸੇ ਵਿਸ਼ੇਸ਼ ਵਿਅਕਤੀ ਦਾ ਜ਼ਿਕਰ ਹੈ। ਸਾਧ ਜਾਂ ਸਾਧੂ ਹਿੰਦੀ ਭਾਸ਼ਾ ਦਾ ਸ਼ਬਦ ਹੈ ਅਤੇ ਇਸਦੇ ਅਰਥ ਧਰਮ ਦੇ ਰਸਤੇ ਤੇ ਤੁਰਨ ਵਾਲੇ ਭਲੇ ਪੁਰਸ਼ ਦੇ ਹਨ। ਦੂਸਰੇ ਮਤਾਂ ਵਿਚ ਭਾਵੇਂ ਜੋ ਮਰਜ਼ੀ ਸਾਧ ਜਾਂ ਸਾਧ ਜਨਾਂ ਦੀ ਪਰਿਭਾਸ਼ਾ ਹੋਵੇ, ਪਰ ਗੁਰਮਤਿ ਵਿਚ ਇਹਨਾਂ ਦੀ ਵਿਆਖਿਆ ਬਹੁਤ ਨਿਆਰੀ ਹੈ। ਗੁਰਮਤਿ ਵਾਲੇ ਸਾਧ ਲਈ ਘਰ-ਬਾਰ, ਜਾਂ ਬੀਵੀ-ਬੱਚੇ ਦਾ ਤਿਆਗ ਜ਼ਰੂਰੀ ਨਹੀਂ ਹੈ, ਨਾ ਭਿਖਿਆ ਅਤੇ ਦਾਨ ਪੁੰਨ ਦਾ ਭੋਜਨ ਅਤੇ ਨਾ ਬਾਹਰਮੁਖੀ ਕੋਈ ਭੇਖ ਜ਼ਰੂਰੀ ਹੈ। ਸਾਧ ਹੋਣਾ ਤਾਂ ਕਿਸੇ ਅੰਤਰਮੁਖੀ ਅਵਸਥਾ ਦਾ ਨਾਮ ਹੈ। ਗੁਰਬਾਣੀ ਵਿਚ ਵਰਤੇ ਇਹਨਾਂ ਸ਼ਬਦਾਂ ਦੇ ਅਰਥ ਸਪੱਸ਼ਟ ਰੂਪ ਵਿਚ ਗੁਰੂ, ਗੁਰਮੁਖ ਅਤੇ ਗੁਰਮੁਖ ਜਨ ਹਨ।

ਸਵਾਲ—ਸੌਣ ਵੇਲੇ ਪੜ੍ਹੀ ਜਾਣ ਵਾਲੀ ਬਾਣੀ 'ਸੋਹਿਲਾ' ਵਿਚ ਛਿਅ ਘਰ, ਛਿਅ ਗੁਰ, ਛਿਅ ਉਪਦੇਸ॥ ਗੁਰੁ ਗੁਰੁ ਏਕੋ, ਵੇਸ ਅਨੇਕ॥੧॥ ਦੇ ਅਰਥ ਦੱਸੋ ਜੀ।

— ਸ: ਅਮਰ ਸਿੰਘ, ਇਸਮਾਈਲਾਬਾਦ (ਹਰਿਆਣਾ)

ਜਵਾਬ—ਸੋਹਿਲਾ ਬਾਣੀ ਵੱਖਰੇ ਵੱਖਰੇ ਪੰਜ ਸ਼ਬਦਾਂ ਦਾ ਸੰਗ੍ਰਹਿ ਹੈ। ਇਹ ਤੁਕਾਂ ਦੂਜੇ ਸ਼ਬਦ ਦੇ ਪਹਿਲੇ ਪਦੇ ਦੀਆਂ ਹਨ। ਇਹ ਸ਼ਬਦ ਗੁਰੂ ਨਾਨਕ ਦੇਵ ਜੀ ਨੇ ਉਚਾਰਣ ਕੀਤਾ ਹੈ। ਤੁਕਾਂ ਦੇ ਅਰਥ ਸਮਝਣ ਲਈ ਪਦ ਅਰਥ ਇਸ ਤਰ੍ਹਾਂ ਹਨ—

ਛਿਅ—ਛੇ, **ਘਰ**—ਸ਼ਾਸਤਰ (ਸਾਂਖ, ਨਿਆਇ, ਵੈਸ਼ੇਸ਼ਿਕ, ਯੋਗ, ਮੀਮਾਂਸਾ, ਵੇਦਾਂਤ)। **ਗੁਰ**—ਇਨ੍ਹਾਂ ਸ਼ਾਸਤਰਾਂ ਦੇ ਕਰਤਾ (ਕਲਪ, ਗੌਤਮ, ਕਣਾਦ, ਪਤੰਜਲੀ, ਜੈਮਿਨੀ, ਵਿਆਸ)। **ਉਪਦੇਸ**—ਸਿੱਖਿਆ, ਸਿਧਾਂਤ। **ਗੁਰੁ ਗੁਰੁ**—ਇਸ਼ਟ ਪ੍ਰਭੂ। **ਵੇਸ**—ਰੂਪ।

ਅਰਥ—ਹੇ ਭਾਈ, ਛੇ ਸ਼ਾਸਤਰ ਹਨ, ਛੇ ਹੀ ਇਨ੍ਹਾਂ ਸ਼ਾਸਤਰਾਂ ਦੇ ਬਣਾਉਣ ਵਾਲੇ ਹਨ ਅਤੇ ਛੇ ਹੀ ਇਨ੍ਹਾਂ ਦੇ ਸਿਧਾਂਤ ਹਨ। ਪਰ ਇਨ੍ਹਾਂ ਦਾ ਮੂਲ ਗੁਰੂ 'ਪਰਮਾਤਮਾ' ਇਕ ਹੈ। ਇਹ ਸਾਰੇ ਸਿਧਾਂਤ ਉਸ ਇਕ ਪ੍ਰਭੂ ਦੇ ਹੀ ਅਨੇਕਾਂ ਰੂਪ ਹਨ, ਭਾਵ ਪ੍ਰਭੂ ਦੀ ਹਸਤੀ ਦੇ ਪ੍ਰਕਾਸ਼ ਦੇ ਹੀ ਰੂਪ ਹਨ।

ਸਵਾਲ—ਕੀ ਗੁਰਬਾਣੀ (ਜਪੁ ਜੀ ਸਾਹਿਬ, ਰਹਰਾਸਿ ਤੇ ਸੋਹਿਲਾ) ਦੀਆਂ ਕੈਸਟਾਂ ਵਿਚ ਬਾਣੀਆਂ ਦੇ ਪਾਠ ਕਰਨ ਉਪਰੰਤ ਅੰਤ ਵਿਚ ਹੁਕਮਨਾਮਾ ਤੇ ਅਰਦਾਸ ਕਰਨਾ ਉਚਿਤ ਹੈ ? *— ਸ: ਅਜੀਤ ਸਿੰਘ, ਯੂ.ਐਸ.ਏ.*

ਜਵਾਬ—ਕੈਸਟਾਂ ਵਿਚ ਅਰਦਾਸ ਕਰਨਾ ਤਾਂ ਉਚਿਤ ਹੈ,

ਪਰ ਹੁਕਮਨਾਮਾ ਨਹੀਂ ਲਿਆ ਜਾ ਸਕਦਾ ਕਿਉਂਕਿ ਇਸ ਨਾਲ ਸਿੱਖ ਰਹਿਤ ਮਰਯਾਦਾ ਵਿਚ ਅੰਕਿਤ ਹੁਕਮਨਾਮੇ ਦੀ ਮਰਯਾਦਾ ਨੂੰ ਨਹੀਂ ਨਿਭਾਇਆ ਜਾ ਸਕਦਾ। ਹੁਕਮਨਾਮਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਲਿਆ ਜਾ ਸਕਦਾ ਹੈ। ਹੁਕਮਨਾਮਾ ਸਵੇਰੇ ਤੇ ਸ਼ਾਮ ਦੇ ਦੀਵਾਨ ਮਗਰੋਂ ਗੁਰਦੁਆਰੇ ਵਿਚ ਲਿਆ ਜਾਂਦਾ ਹੈ।

ਹਾਂ, ਜੇਕਰ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਮੌਜੂਦ ਹੋਵੇ ਤਾਂ ਗੁਰੂ ਦੀ ਹਜ਼ੂਰੀ ਵਿਚ ਕੀਤੇ ਪਾਠ ਤੇ ਅਰਦਾਸ ਮਗਰੋਂ ਹੁਕਮਨਾਮਾ ਲਈਦਾ ਹੈ। ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਮੌਜੂਦ ਨਾ ਹੋਵੇ, ਉਥੇ ਨਿਤਨੇਮ ਦੇ ਪਾਠ ਮਗਰੋਂ ਹੁਕਮਨਾਮਾ ਨਹੀਂ ਲਿਆ ਜਾ ਸਕਦਾ।

ਸਵਾਲ—ਕੀ ਪੁਰਾਣੇ ਮਾਸਿਕ ਪੱਤਰ 'ਸਿੱਖ ਫੁਲਵਾੜੀ' ਜਲ ਪ੍ਰਵਾਹ ਕੀਤੇ ਜਾ ਸਕਦੇ ਹਨ ?

— ਸ: ਹਰਿੰਦਰਪਾਲ ਸਿੰਘ, ਨਵੀਂ ਦਿੱਲੀ

ਜਵਾਬ—**'ਸਿੱਖ ਫੁਲਵਾੜੀ'** ਮਾਸਿਕ ਪੱਤਰ ਵਿਚ ਸਿੱਖ ਇਤਿਹਾਸ, ਗੁਰਬਾਣੀ ਅਤੇ ਪੰਥਕ ਰਹਿਤ ਮਰਯਾਦਾ ਬਾਰੇ ਹੀ ਛਾਪਿਆ ਜਾਂਦਾ ਹੈ। **'ਸਿੱਖ ਫੁਲਵਾੜੀ'** ਮਹੀਨੇ ਤੇ ਸਾਲ ਦੇ ਲੰਘ ਜਾਣ ਨਾਲ ਪੁਰਾਣੀ ਨਹੀਂ ਹੁੰਦੀ। ਉਸ ਵਿਚ ਗੁਰਮਤਿ ਅਨੁਸਾਰ ਹੀ ਲਿਖਿਆ ਹੁੰਦਾ ਹੈ। ਗੁਰਮਤਿ ਹਮੇਸ਼ਾਂ ਹੀ ਪ੍ਰੇਰਣਾ-ਦਾਇਕ ਅਤੇ ਲਾਭਵੰਦ ਹੈ। ਸੋ ਇਸ ਮਾਸਿਕ ਪੱਤਰ ਨੂੰ ਪੜ੍ਹ ਕੇ ਹੋਰਨਾਂ ਨੂੰ ਪੜ੍ਹਨ ਦਾ ਮੌਕਾ ਦੇਣਾ ਚਾਹੀਦਾ ਹੈ ਤਾਂ ਜੋ ਉਹ ਵੀ ਲਾਭ ਉਠਾ ਸਕਣ। ਕਾਲਜ ਦੇ ਨੇੜੇ ਦੇ ਸਰਕਲ ਕੋਲ ਵੀ ਦਿੱਤੇ ਜਾ ਸਕਦੇ ਹਨ। ਹਾਂ, ਜੇਕਰ ਇਹ ਮਾਸਿਕ ਪੱਤਰ ਕਿਸੇ ਕਾਰਨ ਪੜ੍ਹਨ ਯੋਗ ਨਾ ਹੋਵੇ ਤਾਂ ਜਲ ਪ੍ਰਵਾਹ ਜਾਂ ਅਗਨ ਭੇਟ ਕੀਤਾ ਜਾ ਸਕਦਾ ਹੈ।

ਸਵਾਲ—ਕੀ ਬਿਨਾਂ ਅੰਮ੍ਰਿਤ ਛਕੇ ਕੋਈ ਗੁਰਦੁਆਰੇ ਦਾ ਪ੍ਰਧਾਨ ਬਣ ਸਕਦਾ ਹੈ ?

—ਸ: ਕਰਨੈਲ ਸਿੰਘ, ਪੰਡੋਰੀ

ਜਵਾਬ—ਗੁਰਦੁਆਰਿਆਂ ਵਿਚ ਪ੍ਰਧਾਨ, ਸਕੱਤਰ ਆਦਿ ਦੇ ਅਹੁਦੇ ਸਥਾਪਿਤ ਕਰਨ ਨਾਲ ਜਿਥੇ ਕੁਝ ਅਸਰ ਰਸੂਖ ਵਾਲੇ ਬੰਦੇ ਘੁਸਪੈਠ ਕਰਕੇ ਪ੍ਰਬੰਧਕੀ ਢਾਂਚੇ ਵਿਚ ਮਨਮਤਿ ਫੈਲਾ ਰਹੇ ਹਨ, ਉਥੇ ਸੰਗਤਾਂ ਤੇ ਸਿਆਸੀ ਪ੍ਰਭਾਵ ਵੀ ਪਾਉਂਦੇ ਹਨ, ਜੋ ਠੀਕ ਨਹੀਂ। ਗੁਰਦੁਆਰਾ ਪ੍ਰਬੰਧ ਤੇ ਗੁਰਮਤਿ ਪਰਚਾਰ ਦੀ ਏਕਤਾ ਤੇ ਇਕਸਾਰਤਾ ਲਈ, ਪ੍ਰਬੰਧਕੀ ਮੈਂਬਰਾਂ ਦਾ ਪੜ੍ਹੇ ਲਿਖੇ ਹੋਣਾ, ਸੇਵਾ ਦੀ ਲਗਨ, ਗੁਰਮਤਿ ਬਾਰੇ ਪੂਰੀ ਜਾਣਕਾਰੀ, ਪ੍ਰਭਾਵ ਪਾ ਸਕਣ ਦੀ ਯੋਗਤਾ, ਨਿਮਰਤਾ ਅਤੇ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ ਤਾਂ ਜੋ ਉਹ ਹਲੀਮੀ ਤੇ ਸਾਦੇ ਲਿਬਾਸ ਵਿਚ ਗੁਰੂ ਘਰ ਦੀ ਹਰ ਸੇਵਾ ਤਤਪਰ ਰਹਿ ਕੇ ਕਰ ਸਕਣ।

ਸਵਾਲ—ਕੀ ਅਨੰਦ ਕਾਰਜ ਸਮੇਂ ਲੜਕਾ ਕਲਗੀ ਸਜਾ ਸਕਦਾ ਹੈ ? *—ਸ: ਕਰਨੈਲ ਸਿੰਘ, ਪੰਡੋਰੀ*

ਜਵਾਬ—ਨਹੀਂ ਜੀ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਨੰਦ ਰੀਤੀ ਅਨੁਸਾਰ ਵਿਆਹ ਦੀ ਰਸਮ ਪੂਰੀ ਕਰਨ ਲਈ ਅਤੇ ਬਖ਼ਸ਼ਿਸ਼ ਪ੍ਰਾਪਤ ਕਰਨ ਲਈ ਜਾਂਦੇ ਹਾਂ। ਇਸ ਲਈ ਸਾਨੂੰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਨਿਮਰਤਾ, ਸ਼ਰਧਾ ਤੇ ਸਾਦੇ ਲਿਬਾਸ ਵਿਚ ਹੀ ਜਾਣਾ ਚਾਹੀਦਾ ਹੈ। ਗੁਰੂ ਦਰਬਾਰ ਵਿਚ ਰਾਜੇ ਮਹਾਰਾਜਿਆਂ ਵਾਂਗ ਕਲਗੀ, ਸਿਹਰੇ, ਹਾਰ ਆਦਿ ਪਾ ਕੇ ਜਾਣਾ ਨਿਰੋਲ ਮਨਮਤਿ ਹੈ।

ਸਵਾਲ—ਅਰਦਾਸ ਸਮੇਂ, ਸਾਡੇ ਪਿੰਡ ਦਾ ਗ੍ਰੰਥੀ, ਪੰਜ ਪਿਆਰੇ ਚਾਰ ਸਾਹਿਬਜ਼ਾਦੇ, ਚਾਲ੍ਹੀ ਮੁਕਤੇ ਉਪਰੰਤ ਪੰਜ ਬੀਰਾਂ ਦੇ ਨਾਮ ਬੋਲਦਾ ਹੈ। ਕੀ ਇਹ ਠੀਕ ਅਰਦਾਸ ਹੈ ?

— ਸ: ਸਕੱਤਰ ਸਿੰਘ, ਪਟਿਆਲਾ

ਜਵਾਬ—ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿਚ ਅਰਦਾਸ ਲਿਖੀ ਗਈ ਹੈ, ਜਿਸ ਵਿਚ ਕਿਸੇ ਨੂੰ ਵੀ ਫੇਰ-ਬਦਲ ਕਰਨ ਦੀ ਆਗਿਆ ਨਹੀਂ ਹੈ। ਅੰਕਿਤ ਅਰਦਾਸ ਅਨੁਸਾਰ ਹੀ ਅਰਦਾਸ ਕਰਨੀ, ਪੰਥਕ ਏਕਤਾ ਤੇ ਇਕਸਾਰਤਾ ਲਈ ਅਤੀ ਜ਼ਰੂਰੀ ਹੈ। ਆਪਣੀ ਮੱਤ ਅਨੁਸਾਰ ਵਾਧੂ ਸ਼ਬਦ ਜੋੜਨਾ ਪੰਥਕ ਰਹਿਤ ਦੀ ਉਲੰਘਣਾ ਹੈ। ਅਰਦਾਸ ਦਾ ਇਹ ਦੂਜਾ ਪੈਰਾ ਇਸ ਤਰ੍ਹਾਂ ਹੈ —

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਕੇ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ, ਵਾਹਿਗੁਰੂ!

ਸਵਾਲ—ਵਿਆਹ ਸ਼ਾਦੀ ਜਾਂ ਮ੍ਰਿਤਕ ਦੀ ਅੰਤਮ ਰਸਮ ਲਈ ਛਪਾਏ ਜਾਂਦੇ ਸੱਦਾ-ਪੱਤਰਾਂ/ਕਾਰਡਾਂ ਤੇ ਗੁਰਬਾਣੀ ਦੀਆ ਤੁਕਾਂ ਛਾਪੀਆਂ ਜਾਂਦੀਆਂ ਹਨ, ਜੋ ਬਾਅਦ ਵਿਚ ਕੂੜੇਦਾਨ ਵਿਚ ਜਾਂ ਪੈਰਾਂ ਵਿਚ ਰੁਲਦੇ ਦੇਖੇ ਜਾ ਸਕਦੇ ਹਨ। ਕੀ ਇਹ ਗੁਰਬਾਣੀ ਦੀ ਬੇਅਦਬੀ ਨਹੀਂ?

— ਸ: ਸਰਬਜੀਤ ਸਿੰਘ

ਜਵਾਬ—ਆਮ ਤੌਰ ਤੇ ਵਿਆਹ, ਅਖੰਡ ਪਾਠ, ਸਹਿਜ ਪਾਠ, ਮ੍ਰਿਤਕ ਦੀ ਅੰਤਿਮ ਰਸਮ ਸਮੇਂ ਛਪਾਏ ਜਾਂਦੇ ਕਾਰਡਾਂ ਤੇ ਗੁਰਬਾਣੀ ਦੀਆਂ ਤੁਕਾਂ ਲਿਖਣ ਦਾ ਰਿਵਾਜ ਪੈ ਗਿਆ ਹੈ, ਜਿਨ੍ਹਾਂ ਦਾ ਸੱਦਾ-ਪੱਤਰ ਨਾਲ ਦੂਰ ਦਾ ਵੀ ਸੰਬੰਧ ਨਹੀਂ ਹੁੰਦਾ। ਗੁਰਬਾਣੀ ਦੀ ਪਵਿੱਤਰਤਾ ਤੇ ਬੇਅਦਬੀ ਦਾ ਖਿਆਲ ਕਰਦੇ ਹੋਏ, ਕਾਰਡਾਂ ਤੇ ਤੁਕਾਂ ਨਹੀਂ ਲਿਖਣੀਆਂ ਚਾਹੀਦੀਆਂ। ਹਰ ਗੁਰਸਿੱਖ ਦਾ ਫ਼ਰਜ਼ ਬਣਦਾ ਹੈ ਕਿ ਉਹ ਇਸ ਸੰਬੰਧ ਵਿਚ ਜਾਗਰੂਕ ਹੋਵੇ। ਗੁਰਬਾਣੀ ਵਾਲੇ ਕਾਰਡ ਸੰਭਾਲ ਕੇ ਰੱਖੇ ਜਾਣ ਤੇ ਬਾਅਦ ਵਿਚ ਉਨ੍ਹਾਂ ਨੂੰ ਅਗਨ ਭੇਟ ਕਰ ਦਿੱਤਾ ਜਾਵੇ ਤਾਂ ਕਿ ਗੁਰਬਾਣੀ ਦੀ ਬੇਅਦਬੀ ਤੋਂ ਬਚਿਆ ਜਾ ਸਕੇ। ❖❖❖

ਖਾਲਸੇ ਦੀਆਂ ਵਿਸ਼ੇਸ਼ਤਾਵਾਂ ਅਤੇ ਆਦਰਸ਼

— ਡਾ: ਇੰਦਰਜੀਤ ਸਿੰਘ (ਐਮ.ਫਿਲ., ਪੀ.ਐਚ.ਡੀ.)

ਇਸ ਸੰਸਾਰ ਵਿਚਲੇ ਮਨੁੱਖਤਾ ਦੇ ਕਾਫਲੇ ਵਿਚ ਆਪਣੀ ਵੱਖਰੀ ਦਿੱਖ ਵਾਲੀ ਵਿਲੱਖਣ ਕੌਮ ਦਾ ਨਾਮ 'ਖਾਲਸਾ' ਹੈ। ਇਸ ਦੇ ਆਦਰਸ਼ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੁਆਰਾ ਘੜੇ ਗਏ। ਇਨ੍ਹਾਂ ਆਦਰਸ਼ਾਂ ਦੀ ਘਾੜਤ ਲਈ ਤਕਰੀਬਨ ਢਾਈ ਸਦੀਆਂ ਦਾ ਸਮਾਂ ਲੱਗਾ। ਗੁਰੂ ਨਾਨਕ ਦੇਵ ਜੀ ਦੇ ਸਮੇਂ (੧੪੬੯-੧੫੩੯) ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ (੧੬੬੬-੧੭੦੮) ਤਕ ਸਾਰੇ ਸਿੱਖ ਗੁਰੂ ਸਾਹਿਬਾਨ ਦੀ ਸ਼ਬਦ-ਟਕਸਾਲ ਵਿਚੋਂ ਖਾਲਸੇ ਦੇ ਆਦਰਸ਼ ਘੜੇ ਜਾਂਦੇ ਰਹੇ। ਇਨ੍ਹਾਂ ਆਦਰਸ਼ਾਂ ਦੀ ਸੇਧ ਮਨੁੱਖ ਨੂੰ ਪਰਮ ਹਕੀਕਤ ਦਾ ਅਨੁਭਵ ਕਰਾਉਣਾ ਸੀ ਅਤੇ ਰੱਬ ਦੀ ਅਨੰਨਤਾ ਤੇ ਅਸੀਮਤਾ ਦੀ ਪਹਿਚਾਣ ਕਰਾਉਣਾ ਸੀ। ਇਹੀ ਆਦਰਸ਼ ਹਿੰਦੂ ਧਰਮ ਤੋਂ ਖੁੱਸ ਗਿਆ ਸੀ ਤੇ ਉਹ ਦੇਵਤਿਆਂ ਦੀ ਧੁੰਦਲੀ ਪ੍ਰਣਾਲੀ ਤੇ ਪੁਰੋਹਤਾਈ ਕਰਮ-ਕਾਂਡ ਦੇ ਜਾਲ ਵਿਚ ਫਸ ਕੇ ਮਨੁੱਖ ਦੀ ਪਰਮ ਹਕੀਕਤ ਵੱਲ ਅਗਵਾਈ ਕਰਨ ਵਿਚ ਸਫਲ ਹੋ ਗਿਆ ਸੀ। ਸੋ ਦਸਾਂ ਗੁਰੂ ਪਾਤਸ਼ਾਹਾਂ ਦੀ ਅਗਵਾਈ ਵਿੱਚ ਮਨੁੱਖੀ ਆਤਮਾ ਨੇ, ਕਰਮ-ਕਾਂਡ ਤੋਂ ਮੁਕਤ ਹੋਣ ਲਈ ਤੇ ਆਪਣੀ ਹਕੀਕਤ ਦੀ ਭਾਲ ਲਈ ਜ਼ੋਰਦਾਰ ਹੰਭਲਾ ਮਾਰਿਆ ਜਿਸ ਦੇ ਫਲਸਰੂਪ ਖਾਲਸੇ ਦੀ ਸਿਰਜਨਾ ਹੋਈ। ਗੁਰਮਤਿ ਨੇ ਮਨੁੱਖ ਨੂੰ ਆਪਣੀ ਆਤਮਿਕ ਹੋਂਦ ਪ੍ਰਤੀ ਜਾਗਰੂਕ ਕਰ ਕੇ, ਉਸ ਅੰਦਰ ਸੁੱਤੀ ਦਿੱਵਤਾ ਨੂੰ ਜਗਾ ਕੇ, ਇਕ ਨਵੇਂ ਮਾਨਵ ਦਾ ਨਿਰਮਾਣ ਕੀਤਾ ਜੋ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਗੁਰਮੁਖ ਅਖਵਾਇਆ। ਇਸ ਨਵੇਂ ਅਰਥਾਤ ਖਾਲਸੇ ਦੀਆਂ ਵਿਸ਼ੇਸ਼ਤਾਵਾਂ ਤੇ ਆਦਰਸ਼ਾਂ ਦਾ ਸੰਖੇਪ ਵਰਨਣ ਹੇਠ ਲਿਖੇ ਅਨੁਸਾਰ ਕੀਤਾ ਜਾਂਦਾ ਹੈ —

ਖਾਲਸੇ ਦੀਆਂ ਵਿਸ਼ੇਸ਼ਤਾਵਾਂ

ਖਾਲਸਾ ਸ਼ਬਦ ਦੇ ਪੰਜ ਅਰਥ, ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਪ੍ਰਸਿੱਧ ਗ੍ਰੰਥ ਮਹਾਨ ਕੋਸ਼ ਵਿਚ ਪੰਨਾ ੩੭੪ 'ਤੇ ਇਸ ਤਰ੍ਹਾਂ ਦੱਸੇ ਹਨ :

੧. ਵਿਸ਼ੁਧ ੨. ਬਿਨਾਂ ਮਿਲਾਵਟ ਨਿਰੋਲ, 'ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥'

੩. ਉਹ ਜ਼ਮੀਨ ਜਾਂ ਮੁਲਕ ਜੋ ਬਾਦਸ਼ਾਹ ਦਾ ਹੈ ਜਿਸ ਉਤੇ ਕਿਸੇ ਜਾਗੀਰਦਾਰ ਅਥਵਾ ਜ਼ਿਮੀਂਦਾਰ ਦਾ ਸੂਤ੍ਰ ਨਹੀਂ।

੪. ਅਕਾਲੀ ਧਰਮ, ਸਿੰਘ ਪੰਥ, ਖਾਲਸਾ ਧਰਮਧਾਰੀ।

੫. ਗੁਰੂ ਨਾਨਕ ਪੰਥ।

ਇਨ੍ਹਾਂ ਅਰਥਾਂ ਦੇ ਪਿਛੋਕੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੀ ਬਾਣੀ ਦੀ ਪ੍ਰੇਰਨਾ, ਮਨੁੱਖੀ ਗੌਰਵ ਦੀ ਹੋਂਦ, ਸਿੱਖ-ਧਰਮ ਦੇ ਇਤਿਹਾਸ ਤੇ ਦਾਰਸ਼ਨਿਕ ਸਿਧਾਂਤਾਂ ਦੇ ਪ੍ਰਭਾਵ ਨੂੰ ਦੇਖਿਆ ਜਾ ਸਕਦਾ ਹੈ।

ਰੌਸ਼ਨ ਜ਼ਮੀਰ ਵਾਲਾ : ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਖਾਲਸਾ ਰੋਸ਼ਨ ਜ਼ਮੀਰ ਵਾਲਾ, ਸੰਜੀਵ ਰੂਹ ਵਾਲਾ, ਸੁਚੇਤ ਆਤਮਾ ਵਾਲਾ ਵਿਅਕਤੀ ਹੈ। ਉਹ ਵਾਹਿਗੁਰੂ ਦੇ ਗਿਆਨ-ਸਰੂਪ ਦਾ ਉਪਾਸ਼ਕ ਹੈ, ਸਿਰਫ ਉਸ ਦੀ ਹੀ ਓਟ ਲੈਂਦਾ ਹੈ। ਜਿਸ ਦੇ ਦਿਲ ਵਿਚ ਪੂਰਨ ਜੋਤ ਦਾ ਪ੍ਰਕਾਸ਼ ਹੈ, ਜਿਸ ਦੀ ਸਮੁੱਚੀ ਹਸਤੀ ਪ੍ਰਭੂ ਪ੍ਰਤੀ ਪੂਰਨ ਪ੍ਰੇਮ ਤੇ ਵਿਸ਼ਵਾਸ ਨਾਲ ਸ਼ਿੰਗਾਰੀ ਹੋਈ ਹੈ। ਜਿਵੇਂ :

ਜਾਗਤ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤਿ ਜਗੈ ਘਟ ਮੈ,
ਤਬ ਖਾਲਸ ਤਾਹਿ ਨਖਾਲਸ ਜਾਨੈ॥੧॥

(ਤੇਤੀ ਸਵੱਯੇ, ਪਾਤਸ਼ਾਹੀ ੧੦)

ਸਰੀਰਕ ਹਸਤੀ ਤੋਂ ਪਾਰਗਾਮੀ

ਖਾਲਸਾ ਉਹ ਵਿਅਕਤੀ ਹੈ ਜੋ ਸਰੀਰਕ ਹਸਤੀ ਤੋਂ ਪਾਰਗਾਮਤਾ ਪ੍ਰਾਪਤ ਕਰਦਾ ਹੈ, ਜੋ ਕਿਸੇ ਵੀ ਰੂਪ ਵਿਚ ਵਿਅਕਤੀਵਾਦ, ਦੇਹਧਾਰੀ ਦਾ ਉਪਾਸ਼ਕ ਨਹੀਂ; ਜੋ ਆਤਮਰਸ ਅਥਵਾ ਨਾਮ-ਰਸ ਦਾ ਅਭਿਲਾਖੀ ਹੈ। ਗੁਰਦੇਵ, ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਖਾਲਸੇ, ਅਕਾਲ ਪੁਰਖ ਤੇ ਮੇਰੇ ਵਿਚ ਕੋਈ ਅੰਤਰ ਨਹੀਂ :

ਆਤਮ ਰਸ ਜਿਹ ਜਾਨਈ ਸੋ ਹੈ ਖਾਲਸ ਦੇਵ।
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ।

(ਸਰਬ ਲੋਹ ਗ੍ਰੰਥ)

ਖਾਲਸੇ ਦੀ ਸ਼ਕਤੀ ਦਾ ਭੇਦ — ਨਿਆਰਾਪਨ

ਖਾਲਸੇ ਦੀ ਸ਼ਕਤੀ ਦਾ ਭੇਦ ਉਸ ਦੇ ਨਿਆਰੇਪਨ ਵਿਚ ਤੇ ਉਸ ਦੇ ਜੀਵਨ ਜਿਉਣ ਦੇ ਵਿਲੱਖਣ ਅੰਦਾਜ਼ ਵਿਚ ਹੈ। ਇਹ ਉਸ ਦੀ ਜੀਵਨ-ਜਾਚ ਦੇ ਇਸ ਅਸੂਲ ਵਿਚ ਹੈ ਕਿ ਉਹ ਧਰਮ ਦੇ ਅੰਤਰੀਵ ਅਰਥਾਂ ਨੂੰ ਗ੍ਰਹਿਣ ਕਰੇ ਨਾ ਕਿ ਕਰਮ-ਕਾਂਡ ਦੇ ਜੰਜਾਲ ਵਿਚ ਫਸੇ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ 'ਬਿਪਰਨ ਕੀ ਰੀਤ' ਤੋਂ ਵਰਜਿਆ ਜਿਸ ਤੋਂ ਉਨ੍ਹਾਂ ਦਾ ਭਾਵ ਇਹ ਸੀ ਕਿ ਖਾਲਸਾ ਕਦੇ ਵੀ ਕਰਮ-ਕਾਂਡ, ਜ਼ਾਤ-ਪਾਤ, ਵਰਗ-ਵੰਡ ਦੇ ਅਧੀਨ ਨਾ ਹੋਵੇ; ਨਹੀਂ ਤਾਂ ਉਸ ਦਾ

ਸਮੁੱਚਾ ਆਤਮਿਕ ਬਲ ਜਾਂਦਾ ਰਹੇਗਾ ਜਿਵੇਂ :

ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤਿ।
ਮੈਂ ਨ ਕਰੋਂ ਇਨ ਕੀ ਪ੍ਰਤੀਤ।

ਸੰਤ ਸਿਪਾਹੀ ਦਾ ਸਰੂਪ

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸੰਤ ਸਿਪਾਹੀ ਦਾ ਲਕਬ ਪ੍ਰਦਾਨ ਕੀਤਾ। ਉਨ੍ਹਾਂ ਨੇ ਹਾਕਮ ਸ਼੍ਰੇਣੀ ਦੀ ਵੰਗਾਰ ਦਾ ਟਾਕਰਾ ਕਰਨ ਲਈ ਖਾਲਸੇ ਵਿਚ ਸੰਤ ਤੇ ਸਿਪਾਹੀ ਦੀਆਂ ਖੂਬੀਆਂ ਦਾ ਸੰਜੋਗ ਕੀਤਾ। ਉਨ੍ਹਾਂ ਨੇ ਮੁਗਲ ਰਾਜ ਦੇ ਪਤਨ ਨੂੰ ਅਗਾਊਂ ਹੀ ਅਨੁਭਵ ਕੀਤਾ ਤੇ ਨਵੇਂ ਹਮਲਿਆਂ ਦੀ ਸੰਭਾਵਨਾ ਨੂੰ ਪਛਾਣਿਆ। ਇਸੇ ਕਰਕੇ ਉਨ੍ਹਾਂ ਨੇ ਅਜ਼ਾਦੀ ਦੇ ਘੁਲਾਟੀਏ ਤੇ ਰੱਖਿਅਕਾਂ ਦੀ ਯੋਜਨਾ ਹੀ ਨਾ ਬਣਾਈ ਸਗੋਂ ਉਨ੍ਹਾਂ ਨੇ ਨੈਤਿਕ ਤੌਰ 'ਤੇ ਮਜ਼ਬੂਤ ਵਿਅਕਤੀਆਂ ਦੀ ਉਸਾਰੀ ਕਰਨ ਦੀ ਯੋਜਨਾ ਵੀ ਤਿਆਰ ਕੀਤੀ ਤਾਂ ਜੋ ਉਹ ਜੰਗ ਵਿਚ ਪੱਲਾ ਭਾਰੀ ਹੋਣ ਉਤੇ ਭ੍ਰਿਸ਼ਟਾਚਾਰ ਤੇ ਨੈਤਿਕ ਪੱਤਨ ਦਾ ਸ਼ਿਕਾਰ ਨਾ ਹੋ ਜਾਣ।

ਗ੍ਰਿਹਸਤੀ :

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਘਰਬਾਰੀ ਜੀਵਨ ਜੀਣ ਦੀ ਹਿਦਾਇਤ ਕੀਤੀ। ਖਾਲਸਾ ਪਵਿੱਤਰ ਜੀਵਣ ਜੀਣ ਵਾਲਾ ਹੈ। ਉਹ ਪ੍ਰਭੂ-ਪ੍ਰਾਪਤੀ ਲਈ ਜੰਗਲਾਂ ਵਿਚ ਨਹੀਂ ਭਟਕਦਾ। ਖਾਲਸਾ ਤਾਂ ਆਪਣੇ ਆਪ ਨੂੰ ਆਤਮਿਕ ਜੋਗੀ ਬਣਾਉਂਦਾ ਹੈ ਅਤੇ ਸਰੀਰ ਦੀਆਂ ਦੁਰ-ਪ੍ਰਵਿਰਤੀਆਂ ਨੂੰ ਵੱਸ ਵਿਚ ਲਿਆ ਕੇ ਪਰਮਾਤਮਾ ਦੀ ਪ੍ਰਾਪਤੀ ਕਰਦਾ ਹੈ ਜਿਵੇਂ :

ਰੇ ਮਨ ਐਸੋ ਕਰਿ ਸੰਨਿਆਸਾ।
ਬਨ ਸੇ ਸਦਨ ਸਭੈ ਕਰ ਸਮਝਹੁ
ਮਨ ਹੀ ਮਾਹਿ ਉਦਾਸਾ ॥੧॥ ਰਹਾਉ ॥...
ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸੋਂ ਲਾਵੈ ॥
ਤਬ ਹੀ ਆਤਮ ਤਤ ਕੋ ਦਰਸੇ, ਪਰਮ ਪੁਰਖ ਕਹਿੰ ਪਾਵੈ ॥

(ਪਾਤਸ਼ਾਹੀ ੧੦)

ਇਸ ਨਵੀਂ ਨੈਤਿਕਤਾ ਵਿਚ ਸੁੱਚਤਾ ਤੇ ਵਿਵਾਹ-ਸੰਬੰਧ ਦੇ ਅਸੂਲ ਪ੍ਰਤੱਖ ਹਨ। ਉਨ੍ਹਾਂ ਦੀ ਨੈਤਿਕਤਾ ਦਾ ਜ਼ਿਕਰ ਭਾਈ ਨੰਦ ਲਾਲ ਸਿੰਘ ਜੀ ਦੇ ਰਹਿਤਨਾਮੇ ਵਿਚ ਇੰਝ ਕੀਤਾ ਗਿਆ ਹੈ:

ਪਰ ਬੇਟੀ ਕੋ ਬੇਟੀ ਜਾਨੈ ॥
ਪਰ ਇਸਤ੍ਰੀ ਕੋ ਮਾਤ ਬਖਾਨੈ ॥
ਅਪਨੀ ਇਸਤ੍ਰੀ ਸੋਂ ਰਤ ਹੋਈ ॥
ਰਹਤਵਾਨ ਗੁਰ ਕਾ ਸਿੱਖ ਸੋਈ ॥

ਗੁਰੂ ਗੋਬਿੰਦ ਸਿੰਘ ਜੀ ਦਾ ਖਾਸ ਰੂਪ ਖਾਲਸਾ

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਅਨੰਤ ਮਾਣ, ਬੇਅੰਤ ਵਡਿਆਈ, ਵਿਸ਼ੇਸ਼ ਗੌਰਵ, ਲਾਸਾਨੀ ਮਹੱਤਵ ਅਤੇ ਅਜੋੜ ਰੁਤਬਾ ਪ੍ਰਦਾਨ ਕਰਦਿਆਂ ਹੋਇਆਂ ਆਪਣੇ ਆਪ ਨੂੰ ਵੀ ਖਾਲਸੇ ਦਾ ਚੇਲਾ ਬਨਾਉਣ ਵਿਚ ਆਪਣਾ ਮਾਣ ਸਮਝਿਆ। ਮਨੁੱਖੀ ਇਤਿਹਾਸ ਵਿਚ ਕਿਸੇ ਵੀ ਪੈਗੰਬਰ ਵਲੋਂ ਆਪਣੇ ਅਨੁਯਾਈਆਂ ਨੂੰ ਇੰਨੀਆਂ ਬਖਸ਼ਿਸ਼ਾਂ ਪ੍ਰਦਾਨ ਨਹੀਂ ਕੀਤੀਆਂ ਗਈਆਂ ਜਿਵੇਂ :

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉਂ ਕਰੋਂ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗਾ।
ਖਾਲਸੇ ਕੇ ਹਉਂ ਸਦ ਸਦ ਸੰਗਾ।
ਖਾਲਸਾ ਮੇਰੋ ਇਸ਼ਟ ਸੁਹਿਰਦ।
ਖਾਲਸਾ ਮੇਰੋ ਕਹੀਅਤ ਬਿਰਦ।...
ਖਾਲਸਾ ਮੇਰੋ ਪਿੰਡ ਪ੍ਰਾਨ।
ਖਾਲਸਾ ਮੇਰੀ ਜਾਨ ਕੀ ਜਾਨ।...
ਰੋਮ ਰੋਮ ਜੇ ਰਸਨਾ ਪਾਊਂ।
ਤਦਪ ਖਾਲਸਾ ਜਸ ਮੋਹਿ ਗਾਊਂ।
ਹਉਂ ਖਾਲਸੇ ਕੋ, ਖਾਲਸਾ ਮੇਰੋ।
ਓਤ ਪੋਤ ਸਾਗਰ ਬੂੰਦੇਰੋ।

(ਸਰਬ ਲੋਹ ਗ੍ਰੰਥ)

ਅਸਲ ਵਿਚ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੀ ਹਸਤੀ ਵਿਚ ਆਪਣੀ ਹਸਤੀ ਦੀਆਂ ਸਮੁੱਚੀਆਂ ਸ਼ਕਤੀਆਂ ਪ੍ਰਵਾਹਿਤ ਕਰਨਾ ਚਾਹੁੰਦੇ ਸਨ। ਉਹ ਖਾਲਸੇ ਅੰਦਰੋਂ ਉਸ ਦੀ ਸੁੱਤੀ ਦਿੱਵਤਾ ਜਗਾਉਣਾ ਚਾਹੁੰਦੇ ਸਨ। ਇਸੇ ਕਰਕੇ ਉਨ੍ਹਾਂ ਨੇ ਖਾਲਸੇ ਨੂੰ ਅਕਾਲ ਪੁਰਖ ਦੀ ਫੌਜ ਕਿਹਾ ਤੇ ਇਸ ਨੂੰ ਪਰਮਾਤਮਾ ਦੇ ਹੁਲਾਸਮਈ ਹਿਰਦੇ ਦਾ ਉਛਾਲ ਕਹਿ ਕੇ ਸਨਮਾਨਿਆ ਜਿਵੇਂ:

ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।

ਸਰਬ ਲੋਹ ਗ੍ਰੰਥ

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਹਸਤੀ ਨੂੰ ਰੱਬ ਦੀ ਸਿਰਜਨਾਤਮਿਕ ਕਲਾ ਦਾ ਸਰੂਪ ਬਣਾ ਦਿੱਤਾ ਤੇ ਉਸ ਨੂੰ ਕਰਮਸ਼ੀਲ ਤੇ ਗਤੀਸ਼ੀਲ ਹੋ ਕੇ ਗੁਲਾਮੀ ਦੇ ਬੰਧਨ ਤੋੜ ਕੇ ਸਵਰਾਜ ਦੀ ਪ੍ਰਾਪਤੀ ਵੱਲ ਵਧਣ ਲਈ ਉਤਸ਼ਾਹਿਤ ਕੀਤਾ।

ਉਪਰੋਕਤ ਵਿਸ਼ੇਸ਼ਤਾਵਾਂ ਨਾਲ ਓਤ-ਪੋਤ ਕਰ ਕੇ ਆਪ ਜੀ ਨੇ ਖਾਲਸੇ ਨੂੰ ਹੇਠ ਲਿਖੇ ਆਦਰਸ਼ਾਂ ਪ੍ਰਤੀ ਸਮਰਪਿਤ ਕਰ ਦਿੱਤਾ।

ਖਾਲਸੇ ਦਾ ਮੁੱਖ ਆਦਰਸ਼ ਸੰਘਰਸ਼ ਪ੍ਰਤੀ ਸਮਰਪਿਤ ਹੋਣਾ ਹੈ। ਖਾਲਸਾ ਕਿਉਂ ਨਾ ਸੰਘਰਸ਼ਸ਼ੀਲ ਹੋਵੇ? ਖਾਲਸੇ ਦੇ

ਸਿਰਜਨਹਾਰੇ ਦਸਮੇਸ਼ ਪਿਤਾ ਦਾ ਸਮੁੱਚਾ ਜੀਵਨ ਸੰਘਰਸ਼ਮਈ ਹੈ। ਪਰਮਾਤਮਾ ਗਰੀਬਾਂ ਦਾ ਪ੍ਰਤਿਪਾਲਕ, ਧਰਮੀਆਂ ਨੂੰ ਸੁਰੱਖਿਅਤਾ ਪ੍ਰਦਾਨ ਕਰਨ ਵਾਲਾ, ਸਮੁੱਚੀ ਪ੍ਰਕਿਰਤੀ ਦਾ ਪਾਲਣਹਾਰ, ਦੀਨ ਦਇਆਲ ਤੇ ਦਇਆ ਦਾ ਖਜ਼ਾਨਾ ਹੈ ਜਿਵੇਂ :

ਦੀਨਨ ਕੀ ਪ੍ਰਤਿਪਾਲ ਕਰੈ ਨਿਤ,
ਸੰਤ ਉਬਾਰ ਗਨੀਮਨ ਗਾਰੈ॥
ਪੱਛ ਪਸੂ ਨਗ ਨਾਗ ਨਰਾਧਿਪ,
ਸਰਬ ਸਮੈ ਸਭ ਕੋ ਪ੍ਰਤਿਪਾਰੈ॥ *(ਅਕਾਲ ਉਸਤਤਿ)*

ਉਪਰੋਕਤ ਸੰਘਰਸ਼ਸ਼ੀਲ ਪ੍ਰਵਿਰਤੀਆਂ ਵਾਲੇ ਗੁਰੂ ਦੀ ਪ੍ਰਾਪਤੀ ਵਾਸਤੇ ਖਾਲਸੇ ਲਈ ਸੰਘਰਸ਼ ਦਾ ਰਾਹ ਹੀ ਜ਼ਰੂਰੀ ਹੈ। ਇਸੇ ਕਰਕੇ ਗੁਰੂ ਗੋਬਿੰਦ ਜੀ ਨੇ ਖਾਲਸੇ ਦੇ ਆਦਰਸ਼ ਨੂੰ ਸਪਸ਼ਟ ਕਰਦਿਆਂ ਕਿਹਾ ਕਿ ਖਾਲਸਾ ਪ੍ਰਭੂ ਦਾ ਸਿਮਰਨ ਕਰਨ ਵਾਲਾ ਤੇ ਨੇਕੀ ਲਈ ਯੁੱਧ ਦੀ ਸਪਿਰਟ ਵਾਲਾ ਹੋਵੇਗਾ। ਸਰੀਰ ਨੂੰ ਨਾਸ਼ਵਾਨ ਸਮਝ ਕੇ, ਸਿਫਤ-ਸਲਾਹ ਦੀ ਬੇੜੀ 'ਤੇ ਚੜ੍ਹ ਕੇ ਦੁਨੀਆਂ ਦੇ ਭਵਸਾਗਰ ਤੋਂ ਪਾਰ ਹੋਵੇਗਾ। ਸਰੀਰ ਨੂੰ ਧੀਰਜ ਅਥਵਾ ਸੰਤੋਖ ਤੇ ਸਹਿਨਸ਼ੀਲਤਾ ਦਾ ਘਰ ਬਣਾ ਕੇ, ਬੁੱਧ ਨੂੰ ਜਲਦੇ ਚਿਰਾਗ ਵਾਂਗ ਰੋਸ਼ਨ ਰੱਖੇਗਾ ਤੇ ਗਿਆਨ ਦੀ ਬਹੁਕਰ ਨਾਲ ਕਾਇਰਤਾ ਨੂੰ ਹੂੰਝ ਕੇ ਬਾਹਰ ਸੁੱਟ ਦੇਵੇਗਾ।

ਅਨੇਕਤਾ ਵਿਚ ਏਕਤਾ ਦੇ ਆਦਰਸ਼ ਦਾ ਅਨੁਯਾਈ

ਖਾਲਸਾ ਅਨੇਕਤਾ ਵਿਚ ਏਕਤਾ ਦੇ ਆਦਰਸ਼ ਦਾ ਅਨੁਯਾਈ ਹੈ। ਖਾਲਸੇ ਦੇ ਵਿਸ਼ਵਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗੁਰੂ ਦੀ ਬਾਣੀ 'ਤੇ ਆਧਾਰਿਤ ਹਨ। ਅਕਾਲ ਉਸਤਤਿ ਦਾ ਹੇਠ ਲਿਖਿਆ ਸਵੱਯਾ ਖਾਲਸੇ ਦਾ ਮਾਰਗ-ਦਰਸ਼ਨ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਸਾਰੀ ਸ੍ਰਿਸ਼ਟੀ ਪਰਮਾਤਮਾ ਦਾ ਸਰਗੁਣ ਸਰੂਪ ਹੈ। ਸੰਸਾਰ ਤੇ ਉਸ ਦੇ ਪ੍ਰਾਣੀ ਪਰਮਾਤਮਾ ਤੋਂ ਹੀ ਉਤਪੰਨ ਹੁੰਦੇ ਹਨ ਤੇ ਉਸ ਵਿਚ ਹੀ ਲੀਨ ਹੋ ਜਾਂਦੇ ਹਨ। ਵਾਹਿਗੁਰੂ ਅਤੇ ਉਸ ਦੀ ਰਚਨਾ ਦਾ ਸੰਬੰਧ ਅੱਗ ਤੇ ਚਿੰਗਿਆੜੇ, ਮਿੱਟੀ ਤੇ ਜ਼ਰੇ, ਸਮੁੰਦਰ ਤੇ ਉਸ ਦੀਆਂ ਲਹਿਰਾਂ ਦੇ ਸਮਾਨ ਹੈ ਜਿਵੇਂ :

ਜੈਸੇ ਏਕ ਆਗ ਤੇ, ਕਨੂਕਾ ਕੋਟ ਆਗ ਉਠੇ;
ਨਿਆਰੇ ਨਿਆਰੇ ਹੁਇ ਕੈ, ਫੇਰਿ ਆਗ ਮੈ ਮਿਲਾਹਿੰਗੇ॥
ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈ,
ਧੂਰਿ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ॥
ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ;
ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿੰਗੇ॥
ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੁਇ,
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥੧॥

(ਅਕਾਲ ਉਸਤਤਿ, ਪਾ: ੧੦)

❖❖❖

ਸਿੱਖ ਫੁਲਵਾੜੀ ਇਨਾਮੀ ਪ੍ਰਤੀਯੋਗਤਾ—ਅਪਰੈਲ 1998

1. 1699 ਦੀ ਵਿਸਾਖੀ ਤੇ ਕੁਲ ਕਿਤਨੇ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ?

2. ਅੰਮ੍ਰਿਤਸਰ ਦੇ ਪੁਜਾਰੀਆਂ ਦੇ ਮਨ ਦਾ ਖੋਟ ਦੇਖ ਕੇ ਗੁਰੂ ਤੇਗ ਬਹਾਦਰ ਜੀ ਨੇ ਕੀ ਫੁਰਮਾਨ ਕੀਤਾ ?

3. ਆਦਿ ਬੀੜ ਦਾ ਪਹਿਲਾ ਉਤਾਰਾ ਕਿਸਨੇ ਕਰਵਾਇਆ ਸੀ?

4. ਭਾਈ ਨੰਦ ਲਾਲ ਸਿੰਘ ਜੀ ਗੁਰੂ ਜੀ ਦੇ ਸਿੱਖ ਕਦੋਂ ਬਣੇ ਤੇ ਉਹਨਾਂ ਨੇ ਕਿਹੜੀ ਵਿਸਾਖੀ ਤੇ ਅੰਮ੍ਰਿਤ ਛਕਿਆ ਸੀ?

5. ਨਵਾਬ ਬਣਨ ਮਗਰੋਂ ਸ: ਕਪੂਰ ਸਿੰਘ ਜੀ ਨੇ ਬੁੱਢਾ ਦਲ ਤੇ ਤਰੁਣਾ ਦਲ ਵਿਚ ਵੰਡ ਕਿਵੇਂ ਕੀਤੀ ?

6. ਲੋਕ, ਸਮੇਂ ਸਮੇਂ ਦੇ ਰਾਜਿਆਂ ਨੂੰ ਹੀ ਅਵਤਾਰ ਮੰਨਦੇ ਰਹੇ, ਇਸ ਬਾਰੇ ਗੁਰਬਾਣੀ ਦਾ ਪ੍ਰਮਾਣ ਲਿਖੋ।

7. ਕਿਨ੍ਹਾਂ ਦੋ ਭਗਤਾਂ ਦੇ ਸਲੋਕਾਂ ਦੇ ਸੰਗ੍ਰਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ ?

8. ਹੇਠ ਲਿਖੇ ਸ਼ਬਦਾਂ ਦਾ ਸ਼ੁੱਧ ਉਚਾਰਣ ਲਿਖੋ —
ਪ੍ਰਕਾਸ, ਸੁਮਤਿ, ਅਮ੍ਰਿਤਾ ਕ੍ਰਿਤੀ, ਸਾਂਤਿ

9. 'ਗੁਰਸਿਖ ਵੁੜੀਅਨ, ਸਨਮੁਖ ਗੋਤੇ॥' ਇਹ ਕਿਸਦੀ ਰਚਨਾ ਹੈ ਤੇ ਇਸਦੇ ਕੀ ਅਰਥ ਹਨ ?

10. ਗੁਰਬਾਣੀ ਵਿਚ 'ਸੋਹੰ' ਸ਼ਬਦ ਕਿਨ੍ਹਾਂ ਦੋ ਅਰਥਾਂ ਵਿਚ ਆਇਆ ਹੈ ?

11. ਮਨੁੱਖਾ ਜੀਵਨ ਦੇ ਸੰਸਕਾਰ ਕਿਵੇਂ ਬਣਦੇ ਹਨ ?

12. 'ਰਾਜਨੀਤਿਕ ਸ਼ਕਤੀ' ਧਰਮ ਪ੍ਰਚਾਰ ਵਿਚ ਕਦੋਂ ਸਹਾਈ ਹੋ ਸਕਦੀ ਹੈ ?

13. ਖਾਲਸਾ ਸਜਣ ਲਈ ਕੀ ਤਿਆਗਣਾ ਪੈਂਦਾ ਹੈ ?

14. ਜੇਕਰ ਵਾਕ (ਹੁਕਮਨਾਮਾ) 'ਭਗਤ ਬਾਣੀ' ਵਿਚੋਂ ਆ ਜਾਵੇ ਤਾਂ ਸਮਾਪਤੀ ਕਿਥੇ ਕਰਨੀ ਯੋਗ ਹੈ ?

15. ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਹੋਣ ਤੋਂ ਬਚਾਅ ਲਈ ਕੀ-ਕੀ ਕਰਨਾ ਚਾਹੀਦਾ ਹੈ ?

ਨਿਯਮ —

1. ਇਹ ਪ੍ਰਤੀਯੋਗਤਾ ਸਭ ਪਾਠਕਾਂ ਲਈ ਖੁੱਲ੍ਹੀ ਹੈ।
2. ਸਭ ਤੋਂ ਵੱਧ ਪ੍ਰਸ਼ਨਾਂ ਦੇ ਠੀਕ ਉੱਤਰ ਦੇਣ ਵਾਲੇ ਪਾਠਕਾਂ ਨੂੰ ਦਰਜੇਵਾਰ 100 ਰੁਪਏ, 80 ਰੁਪਏ ਅਤੇ 60 ਰੁਪਏ ਦੀਆਂ ਪੁਸਤਕਾਂ ਇਨਾਮ ਵਜੋਂ ਦਿੱਤੀਆਂ ਜਾਣਗੀਆਂ। **ਹਰ ਦਰਜੇ ਵਿੱਚ ਬਰਾਬਰ ਅੰਕ ਪ੍ਰਾਪਤ ਕਰਨ ਵਾਲੇ ਜੇਤੂਆਂ ਵਿੱਚ ਇਨਾਮ ਬਰਾਬਰ ਵੰਡ ਦਿੱਤੇ ਜਾਣਗੇ।**
3. ਪ੍ਰਤੀਯੋਗਤਾ ਵਿੱਚ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਸੰਬੰਧੀ ਕੁਲ 15 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਦਾ ਉੱਤਰ ਸਾਫ਼ ਕਾਗਜ਼ ਉੱਤੇ ਸਵਾਲਾਂ ਦੀ ਤਰਤੀਬ ਅਨੁਸਾਰ **ਸ: ਹਰਭਜਨ ਸਿੰਘ, ਸੰਤ ਨਗਰ, ਦੇਵੀ ਤਲਾਬ, ਕਪੂਰਥਲਾ-144 601,** ਵਿਖੇ ਭੇਜਣਾ ਹੋਵੇਗਾ।
4. ਜਵਾਬ ਪੁੱਜਣ ਦੀ ਅੰਤਮ ਮਿਤੀ ਪ੍ਰਤੀਯੋਗਤਾ ਵਾਲੇ ਮਹੀਨੇ ਦੀ 25 ਤਰੀਕ ਹੋਵੇਗੀ। ਲੇਟ ਉੱਤਰ ਪ੍ਰਵਾਨ ਨਹੀਂ ਕੀਤੇਜਾਣਗੇ। ਲਿਫ਼ਾਫ਼ੇ ਉੱਤੇ ਡਾਕ ਟਿਕਟਾਂ (2 ਰੁਪਏ ਜਾਂ ਵੱਧ) ਪੂਰੀਆਂ ਹੋਣੀਆਂ ਚਾਹੀਦੀਆਂ ਹਨ।
5. ਇਨਾਮੀ ਪ੍ਰਤੀਯੋਗਤਾ ਦੇ ਪ੍ਰਬੰਧਕਾਂ ਦਾ ਫੈਸਲਾ ਹਰ ਹਾਲਤ ਵਿੱਚ ਅੰਤਮ ਹੋਵੇਗਾ ਅਤੇ ਫੈਸਲੇ ਦਾ ਐਲਾਨ ਇੱਕ ਅੰਕ ਛੱਡ ਕੇ ਅਗਲੇ ਅੰਕ ਵਿੱਚ ਠੀਕ ਜਵਾਬਾਂ ਸਮੇਤ ਕਰ ਦਿੱਤਾ ਜਾਵੇਗਾ।

ਨੋਟ : ਲਿਫ਼ਾਫ਼ੇ ਦੇ ਬਾਹਰ ਇਨਾਮੀ ਪ੍ਰਤੀਯੋਗਤਾ ਲਿਖਣਾ ਜ਼ਰੂਰੀ ਹੈ।

ਸਿੱਖ ਤੇ ਸਿੱਖੀ ਜਜ਼ਬਾ

— ਗਿਆਨੀ ਜਸਬੀਰ ਸਿੰਘ 'ਵੇਰਕਾ'

ਪੁਰਾਤਨ ਇਤਿਹਾਸ ਦੇ ਸੁਨਿਹਰੀ ਪੰਨਿਆਂ ਨੂੰ ਜਦੋਂ ਫਰੋਲੀਦਾ ਹੈ, ਤਾਂ ਪਤਾ ਲੱਗਦਾ ਹੈ ਕਿ ਸਾਡੇ ਇਤਿਹਾਸ ਅੰਦਰ, **ਸੁਆਰਥੀ ਤੇ ਪਦਾਰਥਵਾਦੀ ਸਿੱਖ ਕੋਈ ਵਿਰਲਾ ਹੀ ਹੋਵੇਗਾ।** ਉਨ੍ਹਾਂ ਗੁਰੂ ਪਿਆਰਿਆਂ ਦਾ ਜੰਗਲ ਬੀਆਬਾਨਾਂ ਨੂੰ ਕਿਲ੍ਹੇ ਸਮਝ ਲੈਣਾ, ਘੋੜਿਆਂ ਦੀਆਂ ਕਾਠੀਆਂ ਨੂੰ ਘਰ ਬਣਾ ਲੈਣਾ ਤੇ ਭੁੱਜੇ ਹੋਏ ਛੋਲਿਆਂ ਦੇ ਦਾਣਿਆਂ ਨੂੰ ਬਦਾਮ ਸਮਝ ਚੱਬ ਜਾਣਾ ਤੇ ਫਿਰ ਵੀ ਚੜ੍ਹਦੀ ਕਲਾ ਵਿੱਚ ਵਿਚਰਨਾ— ਇਹ ਰੂਪ ਸੀ ਕੁਰਬਾਨੀ ਦਾ। ਜਦੋਂ ਅੱਜ ਸੰਸਾਰ ਦੇ ਅੰਦਰ ਧਿਆਨ ਮਾਰ ਦੇਖੀਦਾ ਹੈ ਤਾਂ ਇਉਂ ਲੱਗਦਾ ਹੈ ਜਿਵੇਂ ਹਰ ਮਨੁੱਖ ਦਾ ਹਿਰਦਾ ਸੁਆਰਥ ਤੇ ਪਦਾਰਥ ਦੇ ਨਾਲ ਨਕਾ ਨੱਕ ਭਰ ਗਿਆ ਹੋਵੇ। ਫਿਰ ਐਸੇ ਹਿਰਦੇ ਵਿਚ ਕੁਰਬਾਨੀ ਲਈ ਥਾਂ ਕਿੱਥੇ? ਸੁਆਰਥੀ ਤੇ ਪਦਾਰਥਵਾਦੀ ਸੋਚ ਦਾ ਧਾਰਨੀ ਮਨੁੱਖ ਕਦੇ ਵੀ ਸੱਚ ਧਰਮ ਲਈ ਕੁਰਬਾਨੀ ਨਹੀਂ ਕਰ ਸਕਦਾ। ਇਹ ਗੱਲ, ਹਰ ਹੱਕ ਪ੍ਰਸਤ ਰੱਬ ਦਾ ਬੰਦਾ, ਪਰਉਪਕਾਰੀ ਸੁਭਾਅ ਵਾਲਾ ਭਲੀ ਭਾਂਤ ਜਾਣਦਾ ਹੈ; ਤੇ ਕਹਿੰਦਾ ਕੂਕਦਾ ਸੁਣਿਆ ਜਾਂਦਾ ਹੈ ਕਿ **ਬਿਨਾਂ ਕੁਰਬਾਨੀ ਤੇ ਤਿਆਗ ਤੋਂ ਧਰਮ, ਦੇਸ਼ ਤੇ ਕੌਮ ਦਾ ਕੁਝ ਵੀ ਤਾਂ ਉਸਾਰਿਆ ਨਹੀਂ ਜਾ ਸਕਦਾ।** ਕੁਰਬਾਨੀ ਦਾ ਹੀ ਦੂਸਰਾ ਨਾਮ ਤਿਆਗ ਹੈ। ਤਿਆਗ ਦੀ ਅੱਜ ਗੁਰੂ ਕੇ ਕਹਾਉਣ ਵਾਲਿਆਂ ਕੋਲ ਵੀ ਘਾਟ ਹੈ। **ਕੋਈ ਹਰਿਆ ਬੂਟੁ ਰਹਿਓ ਰੀ** ਅਨੁਸਾਰ ਕੋਈ ਇੱਕ ਅੱਧਾ ਤਿਆਗ ਦਾ ਧਾਰਨੀ ਹੋਵੇ ਤਾਂ ਕਿਹਾ ਨਹੀਂ ਜਾ ਸਕਦਾ। ਤਿਆਗੀ ਲੱਭਣਾ ਬੜਾ ਬਿਖਮ ਹੈ। ਅੱਜ ਤਾਂ ਸਾਡੇ ਕੋਲ ਧਨ, ਦੌਲਤ, ਕੁਰਸੀ, ਪਦ-ਪਦਵੀ ਦੀ ਪਕੜ ਹੈ, ਤਿਆਗ ਕਿੱਥੇ? **ਅਤੇ ਪਕੜ ਤੇ ਤਿਆਗ ਦਾ ਤਾਂ ਹਮੇਸ਼ਾਂ ਵਿਰੋਧ ਰਿਹਾ ਹੈ।** ਜਿੱਥੇ ਪਕੜ ਹੈ, ਉਥੇ ਤਿਆਗ ਨਹੀਂ। ਇਹ ਉਵੇਂ ਹੀ ਹੈ ਜਿਵੇਂ **ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ॥** *(ਪੰਨਾ ੫੬੦)*

ਜਿਸ ਹਿਰਦੇ ਵਿਚ ਤਿਆਗ ਹੈ, ਉਥੇ ਹੀ ਕੌਮ ਦੇ ਭਲੇ ਵਾਸਤੇ ਕੁਝ ਕਰਨ ਦਾ ਮਨ ਅੰਦਰ ਚਾਉ ਹੁੰਦਾ ਹੈ। ਤਿਆਗ ਤੋਂ ਹੀ ਸੁੱਖ ਉਪਜਦਾ ਹੈ। ਪਕੜ ਤੋਂ ਹਮੇਸ਼ਾਂ ਦੁੱਖ ਸੰਤਾਪ ਹੀ ਪੈਦਾ ਹੁੰਦਾ ਹੈ। ਸੰਸਾਰ ਦੇ ਦੁਖੀ ਹੋਣ ਦਾ ਮੂਲ ਕਾਰਨ ਵੀ ਇਹੋ ਹੈ, ਕਿ ਜੀਵਨ ਵਿਚ ਪਕੜ ਘਰ ਕਰ ਗਈ ਹੈ ਅਤੇ ਤਿਆਗ ਖੰਭ ਲਗਾ ਕੇ ਉੱਡ ਗਿਆ ਹੈ। ਪਕੜ ਵਾਲਾ ਮਨੁੱਖ ਹੱਥੋਂ ਕੁਝ ਵੀ ਛੱਡਣ ਲਈ ਤਿਆਰ ਨਹੀਂ ਹੁੰਦਾ ਤੇ ਪਰਾਈ ਵਸਤ ਨੂੰ ਆਪਣਾ ਬਣਾਉਣ ਵਾਸਤੇ ਹਰ ਹੱਥ-ਕੰਡਾ ਵਰਤਦਾ ਹੈ, ਜਾਇਜ਼ ਨਜਾਇਜ਼ ਤਰੀਕੇ ਨਾਲ ਸਭ ਕੁਝ ਹਥਿਆਉਣਾ ਚਾਹੁੰਦਾ ਹੈ, ਤੇ ਹੱਥ ਵਿੱਚ ਨਾ ਆਵੇ ਤਾਂ ਜ਼ੁਲਮ ਕਰਦਾ ਹੈ। ਔਰਗਜ਼ੇਬ ਕੀ ਕਰਦਾ ਰਿਹਾ ਏ? ਪਿਤਾ ਸ਼ਾਹਜਹਾਨ ਤੇ ਭਰਾ ਦਾਰਾ ਸ਼ਿਕੋਹ ਮਰਵਾ ਦਿੱਤੇ। **ਬੜੀ ਚੰਦਰੀ ਬਲਾ ਹੈ ਇਹ ਰਾਜ ਦੀ ਭੁੱਖ! ਇਹ ਤਾਂ ਦੇਸ਼, ਕੌਮ, ਧਰਮ ਇੱਥੋਂ ਤੱਕ ਕਿ ਆਪਣਾ ਇਸ਼ਟ, ਗੁਰੂ ਤੇ ਇਖਲਾਕ ਸਭ ਕੁਝ ਵੇਚ ਦੇਣ 'ਤੇ ਮਜ਼ਬੂਰ ਕਰ ਦਿੰਦੀ ਹੈ ਮਨੁੱਖ ਨੂੰ।** ਜਿਵੇਂ ਰੱਬ ਅਤੇ ਜੀਵ ਦੇ ਦਰਮਿਆਨ ਹਉਮੈ ਦੀ ਕੰਧ ਬੜੀ ਮਜ਼ਬੂਤ ਹੈ, ਜਿਹੜੀ ਜੀਵ ਨੂੰ ਪ੍ਰਮੇਸ਼ਰ ਨਾਲ ਮਿਲਣ ਨਹੀਂ ਦਿੰਦੀ, ਕੁਝ ਇਉਂ ਹੀ ਕੁਰਬਾਨੀ ਦੇ ਰਾਹ ਵਿੱਚ ਜੇ ਕੋਈ ਦੀਵਾਰ ਹੈ, ਤਾਂ ਉਹ ਹੈ, ਪਕੜ ਦੀ ਮਜ਼ਬੂਤ ਦੀਵਾਰ। ਇਸੇ ਲਈ ਤਾਂ ਸਤਿਗੁਰੂ ਜੀ ਨੇ ਪਕੜ ਨੂੰ ਗੁਰਮਤਿ ਵਿੱਚ ਪ੍ਰਵਾਨ ਨਹੀਂ ਕੀਤਾ ਬਲਕਿ ਸਿੱਖ ਨੂੰ ਤਿਆਗ ਤੇ ਕੁਰਬਾਨੀ ਦਾ ਰਾਹ ਦ੍ਰਿੜ ਕਰਵਾਇਆ ਹੈ। ਆਪਣੇ ਵਿਰਸੇ ਵੱਲ ਜ਼ਰਾ ਧਿਆਨ ਮਾਰੋ, **ਗੁਰੂ ਕੇ ਕਹਾਉਣ ਵਾਲਿਓ! ਉਹ ਵੀ ਤਾਂ ਸਮਾਂ ਸੀ, ਜਦੋਂ ਸਰਕਾਰ ਵੱਲੋਂ ਭੇਜੀ ਹੋਈ ਨਵਾਬੀ, ਸਾਰੀ ਸੰਗਤ ਵਿੱਚ ਕੋਈ ਵੀ ਲੈਣ ਲਈ ਨਹੀਂ ਸੀ ਤਿਆਰ ਹੁੰਦਾ,** ਆਖ਼ਰ ਮਜ਼ਬੂਰ ਹੋ ਕੇ, ਗੁਰੂ-ਪੰਥ ਦੇ ਹੁਕਮ ਨੂੰ ਨਾ ਮੋੜਦਿਆਂ, ਨਵਾਬ ਕਪੂਰ ਸਿੰਘ ਜੀ ਨੂੰ ਲੈਣੀ ਪਈ ਪਰ ਉਹ ਵੀ ਉਨ੍ਹਾਂ ਇਸ ਸ਼ਰਤ 'ਤੇ ਪ੍ਰਵਾਨ ਕੀਤੀ ਕਿ ਮੇਰੇ ਕੋਲੋਂ ਸੇਵਾ ਨਾ ਖੋਹੀ ਜਾਏ ਤੇ ਪ੍ਰਵਾਨ ਵੀ, ਪੰਜਾਂ ਪਿਆਰਿਆਂ ਦੇ ਚਰਨਾਂ ਨੂੰ ਛੁਹਾ ਕੇ ਕੀਤੀ। ਪਰ ਅੱਜ ਤਾਂ ਬਿਲਕੁਲ ਇਸਦੇ ਉਲਟ ਹੋ ਰਿਹਾ ਹੈ। ਅੱਜ ਤਾਂ ਚੌਧਰਾਂ ਤੇ ਪਦਵੀਆਂ ਲਈ ਇਕ ਦੂਜੇ ਨੂੰ ਪਿੱਛੇ ਸੁੱਟ ਦਿੱਲੀ ਦਰਬਾਰ ਦੇ ਚੱਕਰ ਕੱਟਦਾ ਹਰੇਕ ਦੇਖਿਆ ਜਾ ਸਕਦਾ ਹੈ। ਗੁਰੂ-ਹੁਕਮ ਤਾਂ ਹੈ:

ਹਸਤੀ ਸਿਰਿ ਜਿਉ ਅੰਕਸੁ ਹੈ, ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥
ਇਉ ਗੁਰਮੁਖਿ ਆਪੁ ਨਿਵਾਰੀਐ
ਸਭੁ ਰਾਜੁ ਸ੍ਰਿਸਟਿ ਕਾ ਲੇਇ॥ *(ਪੰਨਾ ੬੪੭)*

ਕਹਿੰਦੇ ਨੇ ਇਕ ਵਾਰ ਮੈਦਾਨੇ ਜੰਗ ਅੰਦਰ ਸਿੰਘਾਂ ਦੀ ਤੋਪ ਦਾ ਧੁਰਾ ਟੁੱਟ ਗਿਆ। ਤੋਪਚੀ ਨੇ ਆਖਿਆ ਕਿ ਇਹ ਤੋਪ ਹੁਣ ਤਾਂ ਚੱਲ ਸਕਦੀ ਹੈ, ਜੇ ਕੋਈ ਸਿੱਖ ਆਪਣਾ ਮੋਢਾ ਦੇਵੇ, ਪਰ ਉਹ ਸਿੱਖ ਤੋਪ ਚੱਲਣ ਨਾਲ ਹੀ ਉੱਡ ਜਾਵੇਗਾ; ਜਿਤਨੀ ਵਾਰ ਤੋਪ ਦਾ ਗੋਲਾ ਚੱਲੇਗਾ, ਉਤਨੇ ਸਿੱਖਾਂ ਨੂੰ ਕੁਰਬਾਨੀ ਦੇਣੀ ਪਵੇਗੀ। ਸਿੰਘੋ! ਇਸ ਮੋਰਚੇ ਵਿਚ ਸਫਲਤਾ ਤਾਂ ਹੀ ਸਾਡੀ ਝੋਲੀ ਵਿਚ ਪੈਣੀ ਹੈ, ਨਹੀਂ ਤਾਂ ਮੋਰਚਾ ਕਮਜ਼ੋਰ ਰਹਿ ਜਾਵੇਗਾ। ਆਖਦੇ ਨੇ ਇੰਨੇ ਨੂੰ ਦੁਸ਼ਮਣ ਦਾ ਜਾਸੂਸ ਉਸ ਪਾਸੇ ਆ ਗਿਆ, ਜਿਥੇ ਸਿੰਘਾਂ ਦਾ ਇਕੱਠ ਸੀ, ਤੇ ਹਰ ਕੋਈ ਆਖ ਰਿਹਾ ਸੀ, ਪਹਿਲੇ ਮੈਂ, ਪਹਿਲੇ ਮੈਂ। **ਜਾਸੂਸ ਨੇ ਸੋਚਿਆ ਕਿ ਕੋਈ ਕੀਮਤੀ ਚੀਜ਼ ਵੰਡੀ ਜਾ ਰਹੀ ਹੈ ਜਿਸਨੂੰ ਪ੍ਰਾਪਤ ਕਰਨ ਲਈ ਹਰ ਕੋਈ ਤਰਲੋ-ਮੱਛੀ ਹੋ ਰਿਹਾ ਹੈ। ਨੇੜੇ ਹੋ ਕੇ ਕਿਸੇ ਸਿੰਘ ਕੋਲੋਂ ਪੁਛਿਆ ਕਿ ਇੱਥੇ ਕੀ ਵੰਡਿਆ ਜਾ ਰਿਹਾ ਹੈ? ਜੁਆਬ ਮਿਲਿਆ, ਭਾਈ ਇਥੇ ਸ਼ਹੀਦੀ ਵੰਡੀ ਜਾ ਰਹੀ ਹੈ, ਤੇ ਹਰ ਸਿੱਖ ਆਖ ਰਿਹਾ ਹੈ ਕਿ ਪਹਿਲਾਂ ਮੈਂ ਮੋਢਾ** ਦੇਵਾਂਗਾ ਤੇ ਸ਼ਹੀਦ ਹੋਵਾਂਗਾ। ਇਹ ਸੁਣ ਕੇ ਜਾਸੂਸ ਦੀ ਹੈਰਾਨੀ ਦੀ ਹੱਦ ਨਾ ਰਹੀ, ਉਹ ਸਿੱਖੀ ਜਜ਼ਬੇ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਝੱਟ ਪੱਟ ਅੱਗੇ ਹੋ ਕੇ ਮੋਢਾ ਦਿੱਤਾ ਤੇ ਸ਼ਹੀਦ ਹੋ ਗਿਆ। ਆਓ, ਅਸੀਂ ਸਵੈ ਪੜਚੋਲ ਕਰੀਏ ਕਿ ਅਸੀਂ ਕਿਥੇ ਖੜ੍ਹੇ ਹਾਂ?

ਪੰਥਕ ਸ਼ਕਤੀ ਲਈ ਵੀ ਤਿਆਗ ਤੇ ਕੁਰਬਾਨੀ ਦੀ ਲੋੜ ਹੈ। ਏਕਤਾ ਅੱਜ ਬਹੁਤ ਜ਼ਰੂਰੀ ਹੈ। ਏਕਤਾ ਲਈ ਭਗਤ ਕਬੀਰ ਜੀ ਦਾ ਇਹ ਬਚਨ ਵਾਚਣਯੋਗ ਹੈ:

ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ॥
ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ॥੫੬॥
(ਪੰਨਾ ੧੩੬੭)

ਭਾਵ—ਹੇ ਕਬੀਰ! ਹਲਦੀ ਪੀਲੇ ਰੰਗ ਦੀ ਹੁੰਦੀ ਹੈ, ਚੂਨਾ ਸਫੇਦ ਰੰਗ ਦਾ ਹੁੰਦਾ ਹੈ, ਪਰ ਜਦੋਂ ਇਹ ਦੋਵੇਂ ਮਿਲਦੇ ਹਨ ਤਾਂ ਦੋਹਾਂ ਦਾ ਰੰਗ ਲਾਲ ਹੋ ਜਾਂਦਾ ਹੈ। ਇਸੇ ਤਰ੍ਹਾਂ ਪ੍ਰਭੂ ਨਾਲ ਪ੍ਰੀਤ ਕਰਨ ਵਾਲਾ ਬੰਦਾ ਉੱਚੀ ਨੀਵੀਂ ਦੋਵੇਂ ਜਾਤੀਆਂ ਦਾ ਵਿਤਕਰਾ ਮਿਟਾ ਦਿੰਦਾ ਹੈ, ਤੇ ਉਸ ਦੇ ਅੰਦਰ ਸਭ ਜੀਵਾਂ ਵਿੱਚ ਇਕ ਪ੍ਰਭੂ-ਜੋਤ ਹੀ ਵੇਖਣ ਦੀ ਸੂਝ ਪੈਦਾ ਹੋ ਜਾਂਦੀ ਹੈ। ❖❖❖

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ

— *ਗਿ: ਭਗਵੰਤ ਸਿੰਘ*

ਉਪਰੋਕਤ ਤੁਕ 'ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ' ਦੀ ਦੂਜੀ ਪਉੜੀ ਦੀ ਪਹਿਲੀ ਤੁਕ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੯੬੬-੯੬੭ ਉਤੇ ਸੁਸ਼ੋਭਤ ਹੈ। ਇਹ 'ਵਾਰ' ਕੁਲ ਅੱਠ ਪਉੜੀਆਂ ਦੀ ਹੈ, ਜਿਨ੍ਹਾਂ ਵਿਚੋਂ ਪੰਜ ਪਉੜੀਆਂ ਰਾਇ ਬਲਵੰਡ ਦੀਆਂ ਰਚਿਤ ਹਨ ਅਤੇ ਤਿੰਨ ਪਉੜੀਆਂ ਭਾਈ ਸਤਾ ਦੀਆਂ। ਸੱਤਾ ਤੇ ਬਲਵੰਡ ਗੁਰੂ ਦਰਬਾਰ ਵਿੱਚ ਕੀਰਤਨ ਕਰਦੇ ਸਨ।

ਸੱਤੇ ਦੀ ਧੀ ਦਾ ਵਿਆਹ ਆ ਗਿਆ। ਦੋਹਾਂ ਕੀਰਤਨੀਆਂ ਨੇ ਬੱਚੀ ਦੇ ਵਿਆਹ ਲਈ ਮਾਇਆ ਦੀ ਮੰਗ ਕੀਤੀ। ਗੁਰੂ ਜੀ ਮੂੰਹ-ਮੰਗੀ ਰਕਮ ਨਾ ਦੇ ਸਕੇ ਕਿਉਂਕਿ ਪ੍ਰਿਥੀ ਚੰਦ ਨੇ ਨਾਕਾਬੰਦੀ ਕੀਤੀ ਹੋਈ ਸੀ ਤੇ ਦਰਬਾਰ ਵਿਚ ਮਾਇਆ ਬਹੁਤ ਘੱਟ ਆਉਂਦੀ ਸੀ। ਇਸ ਕਰਕੇ ਦੋਵੇਂ ਲੋਹੇ ਲਾਖੇ ਹੋਏ ਤੇ ਸਾਰੇ ਰੁਪਏ ਗੁਰੂ ਸਾਹਿਬ ਦੇ ਸਨਮੁੱਖ ਰੱਖ ਕੇ ਅਤੇ ਰੁੱਸ ਕੇ ਗੁਰੂ ਦਰਬਾਰ ਵਿਚੋਂ ਚਲੇ ਗਏ। ਜਦ ਉਹ ਅਗਲੇ ਦਿਨ ਕੀਰਤਨ ਕਰਨ ਲਈ ਨਾ ਪੁੱਜੇ ਤਾਂ ਗੁਰੂ ਅਰਜੁਨ ਦੇਵ ਜੀ ਆਪ ਚਲ ਕੇ ਉਹਨਾਂ ਦੇ ਘਰ ਗਏ। ਇਸ ਦ੍ਰਿਸ਼ ਨੂੰ ਡਾ: ਭਾਈ ਵੀਰ ਸਿੰਘ ਜੀ ਨੇ ਇਉਂ ਨਿਰਪੂਣ ਕੀਤਾ ਹੈ:-

"ਔਹ ਦੇਖ ਭਾਈ ਸਾਲੋ ਦੀ ਧਰਮਸਾਲ ਦੇ ਕੋਲ ਸੱਤੇ ਬਲਵੰਡ ਦੇ ਘਰ ਅਗੇ ਜੋਤ ਨਿਰੰਜਨੀ ਜਾ ਖੜੋਤੀ ਹੈ। ਦੋਹਾਂ ਦੀਆਂ ਲੋਥਾਂ ਜੀਵਨ ਦੇ ਸੂਰਜ ਅੱਗੇ ਆਦਰ ਕਰਨ ਨੂੰ ਨਹੀਂ ਉਠੀਆਂ। ਉਨਾਂ ਦਾ ਮਾਨ, ਹਠ ਤੇ ਹੈਂਕੜ ਨੇ ਉਨ੍ਹਾਂ ਨੂੰ ਇੰਨਾ ਨਹੀਂ ਕਰਨ ਦਿਤਾ ਕਿ ਘੱਟ ਤੋਂ ਘੱਟ ਲੂਣ ਦੀ ਲਾਜ ਹੀ ਪਏ ਤੇ ਜੀ ਆਇਆਂ ਨੂੰ ਹੀ ਆਖ ਦੇਣ, ਹੇ ਜੋਤ ਨਿਰੰਜਨੀ! ਧੰਨ ਤੇਰੇ ਕੌਤਕ ਹਨ! ਤੂੰ ਧੰਨ ਹੈ, ਜਿਸ ਵਿਚ ਇਤਨੀ ਖਿਮਾਂ, ਧੀਰਜ ਤੇ ਪਿਆਰ ਹੈ।"

ਪਰ ਅੱਗੋਂ ਗੁੱਸੇ ਭਰਿਆਂ ਨੇ ਉਤਰ ਦਿਤਾ, ਸਾਨੂੰ ਸੌ ਰੁਪਿਆ ਲੱਭ ਗਿਆ ਹੈ, ਨਿਤ ਤੇਰੇ ਖਜ਼ਾਨੇ ਸੁਣੀਂਦੇ ਸਨ, ਡਿੱਠਾ ਤਾਂ ਕੋਈ ਨਾ, ਭਾਂਡੇ ਹੀ ਮੂਧੇ ਰਹੇ, ਲੱਖਾਂ ਆਏ ਤੇ ਗਏ, ਟਿਕਿਆ ਕੱਖ ਨਾ! ਉਹ ਗੁਰੂ ਨਾਨਕ ਦਾ ਖਜ਼ਾਨਾ ਕਿਹੜੇ ਕੋਨੇ ਦਬਿਆ ਹੈ? ਅਸੀਂ ਹੁਣ ਕਿਤੇ ਹੋਰ ਥਾਂ ਡੇਰਾ ਕਰਾਂਗੇ, ਕਿਸੇ ਕਦਰ ਵਾਲੇ ਨੂੰ ਤਾਨਾਂ ਸੁਣਾਵਾਂਗੇ ਤੇ ਗੁਜ਼ਾਰਾ ਟੋਰਾਂਗੇ, ਜਿੰਨਾ ਚਿਰ ਤੁਹਡੇ ਕੋਲ ਰਹੇ ਹਾਂ ਆਪਣੀ ਵਿਦਿਆ ਦਾ ਨਾਸ ਕੀਤਾ ਹੈ।

ਇਸ ਤਰ੍ਹਾਂ ਉਹਨਾਂ ਨੇ ਕਈ ਅਪਮਾਨ-ਜਨਕ ਸ਼ਬਦ ਗੁਰੂ-ਘਰ ਪ੍ਰਤੀ ਵਰਤੇ ਅਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੀ ਨਿੰਦਾ ਕੀਤੀ। ਗੁਰੂ ਪਾਤਸ਼ਾਹ 'ਇਹ ਤਾਂ ਵਿੱਟ ਗਏ ਹਨ'. ਕਹਿ ਕੇ ਪਿਛਾਂਹ ਪਰਤ ਗਏ।

ਗੁਰੂ ਜੀ ਨੇ ਸੰਗਤਾਂ ਨੂੰ ਖੁਦ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ ਤੇ ਆਪ ਸਿਰੰਦਾ ਲੈ ਕੇ ਕੀਰਤਨ ਕਰਨ ਲੱਗੇ। ਸੱਤੇ ਤੇ ਬਲਵੰਡ ਨੂੰ ਕਿਸੇ ਮੂੰਹ ਨਾ ਲਾਇਆ। ਰੋਜ਼ੀ-ਰੋਟੀ ਦਾ ਕੋਈ ਹੋਰ ਵਸੀਲਾ ਨਹੀਂ ਸੀ। ਘਰ ਵਿਚ ਭੁੱਖ ਵਰਤ ਗਈ। ਉਹ ਰੋ ਰੋ ਕੇ ਪਛਤਾਵਾ ਕਰਨ ਲੱਗੇ ਕਿ ਕੋਈ ਸਾਡੀ ਬਹੁੜੀ ਕਰੇ, ਸਤਿਗੁਰੂ ਪਾਸ ਲੈ ਚਲੇ, ਸਾਨੂੰ ਕੀਤੇ ਗੁਨਾਹ ਦੀ ਮੁਆਫੀ ਦਿਲਾ ਦੇਵੇ, ਪਰ ਕਿਸੇ ਨੇ ਫਰਿਆਦ ਨਾ ਸੁਣੀ। ਅਖ਼ੀਰ ਲਾਹੌਰ ਨਿਵਾਸੀ ਗੁਰੂ-ਪ੍ਰੇਮੀ, ਪਰਉਪਕਾਰੀ, ਸਤ-ਸੰਤੋਖ, ਦਇਆ ਧਰਮ ਦੀ ਮੂਰਤ ਨਾਮ ਰਸੀਏ ਸਿੱਖ ਭਾਈ ਲੱਧਾ ਕੋਲ ਗਏ। ਉਸ ਨੇ ਇਨ੍ਹਾਂ ਨੂੰ ਸਮਝਾਇਆ ਕਿ ਤੁਸਾਂ ਸਤਿਗੁਰਾਂ ਦੀ ਨਿੰਦਾ ਕਰਕੇ ਵੱਡਾ ਅਪਰਾਧ ਕੀਤਾ ਹੈ, ਚੂੰਕਿ ਹੁਣ ਤੁਸੀਂ ਆਪਣੀ ਭੁੱਲ ਤੇ ਪਸਚਾਤਾਪ ਕਰ ਰਹੇ ਹੋ ਇਸ ਲਈ ਤੁਹਾਡੇ ਪ੍ਰਤੀ ਕੁਝ ਨ ਕੁਝ ਤਾਂ ਕਰਨਾ ਹੀ ਪਏਗਾ। ਉਹ ਦੋਹਾਂ ਨੂੰ ਗੁਰੂ-ਦਰਬਾਰ ਵਿਚ ਲੈ ਆਇਆ ਤੇ ਦੋਹਾਂ ਵਲੋਂ ਆਪ ਖਿਮਾਂ ਮੰਗੀ। ਖਿਮਾਂ ਦੇ ਦਾਤੇ ਗੁਰੂ ਪਾਤਸ਼ਾਹ ਨੇ ਭਾਈ ਲੱਧੇ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਦੋਹਾਂ ਦਾ ਅਪਰਾਧ ਬਖਸ਼ਿਆ। ਸੱਤੇ ਤੇ ਬਲਵੰਡ ਨੇ ਗੁਰੂ ਉਪਮਾ ਵਿਚ ਇੱਕ ਵਾਰ ਉਚਾਰਣ ਕੀਤੀ ਜੋ ਗੁਰੂ ਗ੍ਰੰਥ ਵਿੱਚ 'ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ" ਸਿਰਲੇਖ ਹੇਠ ਦਰਜ ਹੈ।

ਇਸ 'ਵਾਰ' ਦੀ ਦੂਜੀ ਪਉੜੀ ਦੁਆਰਾ ਰਾਇ ਬਲਵੰਡ ਦਰਸਾਉਂਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਦੀ ਧੁੰਮ ਸਦਕਾ, ਗੁਰਿਆਈ ਮਿਲਣ ਉਪਰੰਤ ਭਾਈ ਲਹਿਣਾ ਜੀ ਦੀ ਸ਼ੋਭਾ ਦੀ ਧੁੰਮ ਪੈ ਗਈ ਕਿਉਂਕਿ ਭਾਈ ਲਹਿਣਾ ਜੀ ਅੰਦਰ ਉਹੀ ਜੋਤਿ ਸੀ ਜੋ ਗੁਰੂ ਨਾਨਕ ਦੇਵ ਜੀ ਵਿਚ ਸੀ, ਜੀਵਨ-ਜਾਚ ਵੀ ਉਹੀ ਸੀ। ਗੁਰੂ ਨਾਨਕ ਜੇਵ ਜੀ ਨੇ ਤਾਂ ਕੇਵਲ ਕਾਇਆ ਹੀ ਪਲਟੀ ਸੀ; ਭਾਵ — ਸਰੀਰ ਹੀ ਮੁੜ ਵਟਾਇਆ ਸੀ। ਜਿਹੜਾ 'ਸਤਿਨਾਮ' ਦਾ ਚਕਰ ਗੁਰੂ ਨਾਨਕ ਦੇਵ ਜੀ ਨੇ ਫਿਰਾਇਆ, ਓਹੀ ਸ਼ਬਦ ਦਾ ਲੰਗਰ ਗੁਰੂ ਅੰਗਦ ਦੇਵ ਜੀ ਨੇ ਚਲਾਇਆ ਜਿਸ ਵਿਚ 'ਹਉ' ਦਾ ਨਿਸ਼ਾਨ ਨਹੀਂ। ਆਪ ਜੀ ਦੇ ਸਿਰ ਤੇ ਵਾਹਿਗੁਰੂ ਜੀ ਦਾ ਹੱਥ ਹੈ ਜਿਸ ਕਰਕੇ ਕਿਸੇ ਪੱਖੋਂ ਵੀ ਤੋਟਾ ਨਹੀਂ ਆਉਂਦਾ ਸੱਚ ਖੰਡ ਤੋਂ ਜੋ ਨੂਰ ਵਰਸ ਰਿਹਾ ਹੈ ਉਸ ਨਾਲ ਗੁਰੂ ਸਾਹਿਬ ਦੇ ਸੁੰਦਰ ਮੁੱਖ ਦੀ ਆਭਾ ਦਾ ਕਮਾਲ ਖਿੱਚ ਪਾਉਂਦਾ ਹੈ ਅਤੇ ਆਪ ਜੀ ਦਾ ਦਰਸ਼ਨ ਕੀਤਿਆਂ ਜਨਮਾਂ ਜਨਮਾਂਤ੍ਰਾਂ ਦੀ ਮੈਲ ਕੱਟੀ ਜਾਂਦੀ ਹੈ। ਜੋ ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਹੁਕਮ ਫੁਰਮਾਇਆ ਹੈ, ਉਸ ਤੋਂ ਕਿਉਂ ਪਿੱਛੇ ਹਟੀਏ (ਸ੍ਰੀ ਚੰਦ ਤੇ ਲਖਮੀ ਚੰਦ) ਪੁੱਤਰਾਂ ਨੇ ਗੁਰੂ ਪਿਤਾ ਜੀ ਦਾ ਬਚਨ ਨਹੀਂ ਪਾਲਿਆ ਅਤੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਕਰਕੇ ਮੰਨਣ ਵਲੋਂ ਪਾਸਾ ਮੋੜ ਲਿਆ। ਆਕੀ ਹੋਏ ਫਿਰਦੇ ਹਨ। ਕਰਤਾ ਪੁਰਖ ਆਪ ਹੀ ਗੁਰੂ ਅੰਗਦ ਦੇਵ ਜੀ ਵਿਚ ਵਰਤ ਰਿਹਾ ਹੈ। ਦੈਵੀ ਗੁਣ, ਸਤ, ਨਿਆਂ, ਆਪ ਜੀ ਦੇ ਅੰਦਰ ਟਿਕੇ ਹੋਏ ਹਨ। ਅਲੂਣੀ ਸ਼ਿਲਾ ਹਰ ਕੋਈ ਨਹੀਂ ਚਟ ਸਕਦਾ ਭਾਵ ਗੁਰੂ ਦੀ ਆਗਿਆ ਮੰਨਣੀ ਬੜੀ ਕਰੜੀ ਘਾਲ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇਹ-ਰੂਪ ਵਿਚ ਇਸ ਸੰਸਾਰ ਤੇ ਤਕਰੀਬਨ ੭੦ ਵਰ੍ਹਿਆਂ ਤਕ ਵਿਚਰੇ। ਆਪਣੇ ਇਸ ਸੰਸਾਰਕ ਜੀਵਨ ਕਾਲ ਵਿਚ ਥਾਂ ਥਾਂ ਜਾ ਕੇ ਅਣਗਿਣਤ ਲੋਕਾਂ ਦੇ ਰੂੜੀਵਾਦੀ ਵਿਚਾਰਾਂ ਵਿਚ ਪਰਿਵਰਤਨ ਲਿਆਂਦਾ ਅਤੇ

ਆਪਣੇ ਨਿਰਮਲ ਜੀਵਨ ਤੇ ਨਿਰੰਕਾਰੀ ਪ੍ਰਚਾਰ ਸਦਕਾ ਅਜਿਹਾ ਨਵੀਨ ਵਾਤਾਵਰਨ ਹੋਂਦ ਵਿਚ ਲਿਆਂਦਾ ਜਿਸ ਵਿਚ ਸਵੱਛ ਤੇ ਸੁਆਰਥ ਆਤਮਾ ਵਾਲਿਆਂ ਤੋਂ ਬਿਨਾ ਹੋਰ ਕੋਈ ਸਾਹ ਨਹੀਂ ਸੀ ਲੈ ਸਕਦਾ। ਜੀਵਨ ਦੇ ਅੰਤਮ ਪੜਾਅ ਵਿਚ ਜਗਤ-ਭ੍ਰਮਣ ਤੋਂ ਮਗਰੋਂ ਕਰਤਾਰਪੁਰ ਨਗਰ ਵਸਾਇਆ ਅਤੇ ਉਥੇ ਹੀ ਧਰਮਸਾਲਾ ਸਥਾਪਤ ਕਰਕੇ ਕਿਰਤ ਕਮਾਈ ਕਰਦਿਆਂ ਨਾਮ ਸਿਮਰਨ ਦਾ ਉਪਦੇਸ਼ ਦਿੰਦੇ ਰਹੇ। ਇਸ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ੩੮ ਵੀਂ ਪਉੜੀ ਦੁਆਰਾ ਇਉਂ ਪ੍ਰਗਟ ਦਿਤੀ ਹੈ:

ਫਿਰਿ ਬਾਬਾ ਆਇਆ ਕਰਤਾਰਪੁਰ
ਭੇਖ ਉਦਾਸੀ ਸਗਲ ਉਤਾਰਾ।
ਪਹਿਰ ਸੰਸਾਰੀ ਕਪੜੇ, ਮੰਜੀ ਬੈਠ ਕੀਆ ਅਵਤਾਰਾ।
ਉਲਟੀ ਗੰਗ ਵਹਾਈਓਨਿ, ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ, ਮਨਿ ਖੋਟੇ ਆਕੀ ਨਿਸਿਆਰਾ॥
ਬਾਣੀ ਮੁਖਹੁ ਉਚਾਰੀਐ, ਹੋਇ ਰੁਸ਼ਨਾਈ ਮਿਟੈ ਅੰਧਾਰਾ।
ਗਯਾਨ ਗੋਸ਼ਟ ਚਰਚਾ ਸਦਾ, ਅਨਹਦ ਸ਼ਬਦ ਉਠੇ ਧੁਨਿਕਾਰਾ।
ਸੋਦਰ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪ ਉਚਾਰਾ।
ਗੁਰਮੁਖ ਭਾਰ ਅਥਰਬਣਿ ਤਾਰਾ।

੩੧ ਮਾਰਚ ੧੫੦੪ ਈ: ਨੂੰ ਜ਼ਿਲਾ ਫਿਰੋਜ਼ਪੁਰ ਦੇ ਪਿੰਡ ਮੱਤੇ ਦੀ ਸਰਾਂ ਨਿਵਾਸੀ ਸ੍ਰੀ ਫੇਰੂਮਲ ਦੇ ਗ੍ਰਹਿ ਵਿਖੇ ਮਾਤਾ ਸਭਰਾਈ (ਦਇਆ ਕੌਰ) ਦੀ ਕੁਖੋਂ ਇਕ ਬਾਲਕ ਦਾ ਜਨਮ ਹੋਇਆ। ਮਾਪਿਆਂ ਨੇ ਉਸ ਦਾ ਨਾਮ ਲਹਿਣਾ ਰਖਿਆ, ਸ੍ਰੀ ਫੇਰੂਮਲ ਜੀ ਗੁਜਰਾਤ ਦੇ ਪਿੰਡ ਸੰਘੋਵਾਲ ਤੋਂ ਰੋਜ਼ੀ ਰੋਟੀ ਦੀ ਭਾਲ ਹਿੱਤ ਪਿੰਡ ਮੱਤੇ ਦੀ ਸਰਾਂ ਵਿਚ ਆ ਵੱਸੇ ਸਨ। ਇਥੇ ਆਪ ਨੇ ਕਰਿਆਨੇ ਦੀ ਹੱਟੀ ਪਾਈ ਅਤੇ ਪਿਤਾ ਵੈਸ਼ਨੋ ਦੇਵੀ ਦੇ ਉਪਾਸ਼ਕ ਸਨ। ਆਪਣੇ ਪਿਤਾ ਦੇ ਨਕਸ਼ੇ-ਕਦਮ ਤੇ ਚਲਦਿਆਂ ਲਹਿਣਾ ਜੀ ਵੀ ਵੈਸ਼ਨੂੰ ਦੇਵੀ ਦੇ ਭਗਤ ਹੋ ਗਏ ਅਤੇ ਨੇਮ ਨਾਲ ਆਪਣੇ ਸਾਥੀਆਂ ਸਹਿਤ ਜੰਮੂ ਦੀਆਂ ਪਹਾੜੀਆਂ ਵਿਖੇ ਵੈਸ਼ਨੋ ਦੇਵੀ ਦੇ ਮੰਦਰ ਦੀ ਤੀਰਥ ਯਾਤਰਾ ਕਰਿਆ ਕਰਦੇ ਸਨ। ਆਪ ਜੀ ਦੇ ਮਿੱਤਰ ਭਾਈ ਜੋਧਾ ਜੀ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਸਿੱਖ ਸਨ ਅਤੇ ਨਿਤਾਪ੍ਰਤੀ ਗੁਰਬਾਣੀ ਦਾ ਪਾਠ ਕਰਦੇ ਸਨ। ਇਕ ਵਾਰ 'ਆਸਾ ਕੀ ਵਾਰ' ਦਾ ਪਾਠ ਕਰਦਿਆਂ ਜਦ ਉਹ ੨੧ ਵੀਂ ਪਉੜੀ ਪੜ੍ਹ ਰਹੇ ਸਨ ਤਾਂ ਦੇਵਨੇਤ ਭਾਈ ਲਹਿਣਾ ਜੀ ਉਥੇ ਆ ਗਏ ਬਾਣੀ ਦਾ ਪਾਠ ਸੁਣ ਕੇ ਅਤੀ ਪ੍ਰਭਾਵਤ ਹੋਏ ਤੇ ਭਾਈ ਜੋਧੇ ਪਾਸੋਂ ਇਸਦੇ ਰਚੈਤਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਭਾਈ ਜੋਧਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਦੀ ਦੱਸ ਪਾਈ ਤੇ ਕਿਹਾ ਕਿ ਅਜ ਕਲ ਉਹ ਕਰਤਾਰਪੁਰ ਵਿਖੇ ਨਿਵਾਸ ਰਖਦੇ ਹਨ। ਜੰਮੂ ਵੈਸ਼ਨੋ ਦੇਵੀ ਦੇ ਮੰਦਰ ਜਾਂਦਿਆਂ ਕਰਤਾਰਪੁਰ ਰਾਹ ਵਿਚ ਪੈਂਦਾ ਸੀ, ਜਿਸ ਕਰਕੇ ਭਾਈ ਲਹਿਣਾ ਜੀ ਨੇ ਮੰਨ ਬਣਾ ਲਿਆ ਕਿ ਉਹ ਜ਼ਰੂਰ ਪਰ ਜ਼ਰੂਰ ਕਰਤਾਰਪੁਰ ਵਿਖੇ ਗੁਰੂ ਸਹਿਬ ਦੇ ਦਰਸ਼ਨ ਕਰਨਗੇ।

ਸੰਨ ੧੫੩੨ ਈ: ਵਿਚ ਭਾਈ ਲਹਿਣਾ ਜੀ ਜਦ ਆਪਣੇ ਸਾਥੀਆਂ ਸਮੇਤ ਦੇਵੀ ਦਰਸ਼ਨ ਲਈ ਭੇਟਾਂ ਗਾਉਂਦੇ ਜਾ ਰਹੇ ਸਨ ਤਾ ਰਾਹ ਵਿਚ ਉਨ੍ਹਾਂ ਕਰਤਾਰਪੁਰ ਵਿਖੇ ਪੜਾਅ ਕੀਤਾ। ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕੀਤੇ ਤਾਂ ਉਨ੍ਹਾਂ ਜਗੇ ਹੀ ਹੋ ਕੇ ਰਹਿ ਗਏ। ਬੱਸ ਫੇਰ ਕੀ ਸੀ, ਕਪਾਟ ਖੁਲ੍ਹ ਗਏ, ਪੂਰਬਲੇ ਕਰਮ ਫਲੀਭੂਤ ਹੋਣ ਲਗ ਪਏ ਅਤੇ ਅਜਿਹੀ ਕਾਇਆਂ ਕਲਪ ਹੋਈ ਕਿ ਸਦਾ ਲਈ ਗੁਰੂ ਦੇ ਚਰਨਾਂ ਵਿਚ ਹੀ ਟਿੱਕ ਗਏ। ਸਾਥ ਅਗਾਂਹ ਦਰਸ਼ਨਾਂ ਲਈ ਵੈਸ਼ਨੂੰ ਦੇਵੀ ਦੇ ਮੰਦਰ ਵਿਖੇ ਚਲਾ ਗਿਆ। ਆਪ ਲਗਭਗ ਸੱਤ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਰਹੇ, ਅਨੇਕਾਂ ਹੀ ਸਾਖੀਆਂ ਆਪ ਜੀ ਦੀ ਸੇਵਾ ਬਾਰੇ ਸਿੱਖ ਜਗਤ ਵਿਚ ਪ੍ਰਚਲਤ ਹਨ।

ਪਰ ਸਤਿਗੁਰ ਨਾਨਕ ਦੇਵ ਜੀ ਨੇ 'ਸਤਿਨਾਮ' ਦਾ ਚੱਕਰ ਸਾਰੇ ਜਗਤ ਵਿਚ ਚਲਾਇਆ ਨਾ ਕਿ ਸਿਰਫ ਪੰਜਾਬ ਵਿਚ। ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਦੀ ੩੭ ਵੀਂ ਪਉੜੀ ਦੁਆਰਾ ਫੁਰਮਾਉਂਦੇ ਹਨ—

ਗੜ ਬਗਦਾਦ ਨਿਵਾਇ ਕੈ
ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚਉਰਾਸੀਹ ਮੰਡਲੀ
ਖਟਿ ਦਰਸਨਿ ਪਾਖੰਡਿ ਜਿਣਾਇਆ।
ਪਾਤਾਲਾ ਆਕਾਸ ਲਖ
ਜੀਤੀ ਧਰਤੀ ਜਗਤ ਸਬਾਇਆ।
ਜੀਤੀ ਨਉਖੰਡ ਮੇਦਨੀ
ਸਤਿਨਾਮੁ ਦਾ ਚੱਕ੍ਰ ਫਿਰਾਇਆ।
ਦੇਵ ਦਾਨੋ ਰਾਕਸਿ ਦੈਤ ਸਭ
ਚਿਤਿ ਗੁਪਤਿ ਚਰਨੀ ਲਾਇਆ।
ਇੰਦ੍ਰਾਸਣਿ ਅਪਛਰਾ
ਰਾਗ ਰਾਗਨੀ ਮੰਗਲੁ ਗਾਇਆ।
ਭਇਆ ਅਨੰਦ ਜਗਤੁ ਵਿਚਿ
ਕਲਿ ਤਾਰਨ ਗੁਰੁ ਨਾਨਕ ਆਇਆ।
ਹਿੰਦੂ ਮੁਸਲਮਾਣਿ ਨਿਵਾਇਆ।

ਨਿਰਸੰਦੇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਤਵ ਲੋਕਾਈ ਦੀ ਸਮਾਜਿਕ ਵਿਚਾਰਧਾਰਾ ਨੂੰ ਸਤਿਨਾਮ ਦੀ ਲਾਗ ਲਾ ਕੇ ਚੜ੍ਹਦੀਆਂ ਕਲਾਂ ਵਿਚ ਲਿਜਾਣਾ ਸੀ, ਜੋ ਕਾਰਜ ਉਨ੍ਹਾਂ ਅਰੰਭਿਆ ਸੀ ਉਸ ਦੀ ਸੰਭਾਲ ਕਰਨੀ ਵੀ ਅਵੱਸ਼ਕ ਸੀ, ਭਾਈ ਲਹਿਣਾ ਜੀ ਨੇ "**ਪਏ ਕਬੂਲ ਖਸਮ ਨਾਲਿ ਜਾਂ ਘਾਲ ਮਰਦੀ ਘਾਲੀ**" (ਪਉੜੀ ੩, ਪੰਨਾ ੯੬੭) ਕਥਨ ਅਨੁਸਾਰ ਜਦ ਮਰਦਾਂ ਵਾਲੀ ਘਾਲ ਘਾਲੀ ਤਾਂ ਆਪਣੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ 'ਤੇ ਪ੍ਰਵਾਨ ਹੋ ਗਏ ਸਨ। ਦੂਜੇ ਬੰਨੇ, ਗੁਰਿਆਈ ਗੱਦੀ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰੀਆ ਦੀ ਤਸੱਲੀ ਹਿੱਤ ਪਰਖ ਕੀਤੀ। ਇਸ ਕਰੜੀ ਪ੍ਰੀਖਿਆ ਵਿਚ ਭਾਈ ਲਹਿਣਾ ਜੀ ਪੂਰੇ ਉਤਰੇ। ਜਿਥੇ ਇਹ ਗਵਾਹੀ ਉਪ੍ਰੋਕਤ ਵਾਰ ਵਿਚ ਦ੍ਰਿਸ਼ਟੀਮਾਨ ਹੈ, ਉਥੇ ਭਾਈ ਗੁਰਦਾਸ ਜੀ ਦੀਆਂ 'ਵਾਰਾਂ' ਵਿਚ ਵੀ ਪ੍ਰਤੱਖ ਪ੍ਰਮਾਣਿਤ ਹੈ:-

ਮਾਰਿਆ ਸਿਕਾ ਜਗਤਿ ਵਿਚਿ,
ਨਾਨਕ ਨਿਰਮਲ ਪੰਥੁ ਚਲਾਇਆ।
ਥਾਪਿਆ ਲਹਿਣਾ ਜੀਵ ਦੇ,
ਗੁਰਿਆਈ ਸਿਰਿ ਛਤ੍ਰ ਫਿਰਾਇਆ।

ਜੋਤੀ ਜੋਤਿ ਮਿਲਾਇਕੈ,
ਸਤਿਗੁਰ ਨਾਨਕ ਰੂਪ ਵਟਾਇਆ। *(ਵਾਰ ੧, ਪਉੜੀ ੪੫)*

ਪੁਤਰੀ ਕਉਲੁ ਨ ਪਾਲਿਆ
ਮਨਿ ਖੋਟੇ ਆਕੀ ਨਸਿਆਰਾ। *(ਵਾਰ ੧/੩੮)*
ਦੀਨ ਦੁਨੀ ਦੀ ਸਾਹਿਬੀ
ਗੁਰਮੁਖਿ ਗੌਸ ਨਸੀਨੀ ਬਹਣਾ।...
ਪੁਤੁ ਸਪੁਤੁ ਬਬਾਣੇ ਲਹਣਾ। *(ਵਾਰ ੨੪/੭)*
ਗੁਰੁ ਅੰਗਦੁ ਗੁਰੁ ਅੰਗੁ ਤੇ
ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ। (ਵਾਰ ੨੪/੮)

ਸਤੰਬਰ ਸੰਨ ੧੫੩੯ ਈ: ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੇ ਗੁਣ, ਸੁਭਾਅ, ਆਦਰਸ਼ ਆਦਿ ਦੀ ਪਰਖ ਉਪ੍ਰੰਤ ਬਿੰਦੀ ਸੰਤਾਨ ਨੂੰ ਛੱਡ ਕੇ ਨਾਦੀ ਸੰਤਾਨ ਨੂੰ ਗੁਰ-ਗੱਦੀ ਦੀ ਨਿਰੰਕਾਰੀ ਦਾਤਿ ਬਖਸ਼ੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੰਗਿਆ ਪ੍ਰਦਾਨ ਕੀਤੀ, **ਗੁਰਿ ਚੇਲੇ ਰਹਰਾਸਿ ਕੀਈ, ਨਾਨਕਿ ਸਲਾਮਤਿ ਥੀਵਦੈ ॥ ਸਹਿ ਟਿਕਾ ਦਿਤੋਸੁ ਜੀਵਦੈ ॥** (ਪਉੜੀ ੧, ਪੰਨਾ ੯੬੬) ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਊਂਦਿਆ ਆਪਣੇ ਚੇਲੇ (ਭਾਈ ਲਹਿਣਾ ਜੀ) ਅਗੇ ਨਮਸਕਾਰ ਕੀਤੀ ਅਤੇ ਮਾਲਕ ਗੁਰੂ ਨੇ ਗੁਰਿਆਈ ਦਾ ਤਿਲਕ ਭਾਈ ਲਹਿਣਾ ਜੀ ਨੂੰ ਦਿਤਾ।

ਫੇਰਿ ਵਸਾਇਆ ਫੇਰੁਆਣਿ, ਸਤਿਗੁਰਿ ਖਾਡੂਰੁ ॥
(ਪਉੜੀ ੫, ਪੰਨਾ ੯੬੭)

ਭਾਵ — ਸਤਿਗੁਰੂ ਅੰਗਦ ਦੇਵ ਜੀ ਨੇ ਫਿਰ ਖਾਡੂਰ ਨਗਰ ਨੂੰ ਆ ਵਸਾਇਆ। ਭਾਈ ਗੁਰਦਾਸ ਜੀ ਦਾ ਕਥਨ :

ਸੋ ਟਿਕਾ ਸੋ ਛਤ੍ਰ ਸਿਰਿ, ਸੋਈ ਸਚਾ ਤਖਤੁ ਟਿਕਾਈ।
ਗੁਰੂ ਨਾਨਕ ਹੰਦੀ ਮੁਹਰ ਹਥਿ
ਗੁਰ ਅੰਗਦ ਦੀ ਦੋਹੀ ਫਿਰਾਈ,
ਦਿਤਾ ਛੋੜਿ ਕਰਤਾਰ ਪੁਰੁ
ਬੈਠਿ ਖਡੂਰੇ ਜੋਤਿ ਜਗਾਈ। *(ਵਾਰ ੧/੪੬)*

ਪ੍ਰਤੱਖ ਪ੍ਰਮਾਣ ਹੈ ਕਿ ਗੁਰਗੱਦੀ ਦੀ ਜ਼ਿਮੇਵਾਰੀ ਸੰਭਾਲਣ ਉਪਰੰਤ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਖਡੂਰ ਆ ਗਏ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਆਰੰਭੇ ਮਿਸ਼ਨ ਨੂੰ ਅੱਗੇ ਤੋਰਨ ਅਤੇ ਨਿਰੰਕਾਰੀ ਮਿਸ਼ਨ ਦੇ ਸ਼ਰਧਾਲੂਆਂ ਦੀ ਵੱਖਰੀ ਸ਼ਖਸੀਅਤ ਦਰਸਾਉਣ ਹਿੱਤ ਸਭ ਤੋਂ ਪਹਿਲਾਂ ਜੋ ਮਹੱਤਵ ਪੂਰਨ ਕੰਮ ਕੀਤਾ, ਉਹ ਗੁਰਬਾਣੀ ਦੀ ਸੰਭਾਲ ਸੀ।

ਪ੍ਰੋ: ਸਾਹਿਬ ਸਿੰਘ, ਕਰਤਾ 'ਆਦਿ ਬੀੜ' ਬਾਰੇ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਰੂ ਅੰਗਦ ਸਾਹਿਬ ਪਾਸ ਮੌਜੂਦ ਸੀ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸ਼ਬਦ' ਨੂੰ ਗੁਰੂ ਮੰਨਿਆ ਹੈ ਤੇ ਮਨੁੱਖ ਦੀ ਸੁਰਤਿ ਨੂੰ ਸਿੱਖ ਆਖਿਆ ਹੈ, ਤਿਵੇਂ ਗੁਰੂ ਅੰਗਦ ਸਾਹਿਬ ਜੀ ਭੀ ਜੀਵਨ-ਪੰਧ ਵਿਚ 'ਸ਼ਬਦ' ਨੂੰ ਹੀ ਸਾਰੀ ਮਹੱਤਤਾ ਦੇਂਦੇ ਹਨ :

(ੳ) ਮਨੁੱਖ ਦੀ ਹਉਮੈ ਦਾ ਇਲਾਜ ਸਿਰਫ ਗੁਰ-ਸ਼ਬਦ ਦੀ ਕਮਾਈ ਹੀ ਦੱਸੀ ਗਈ ਹੈ—

ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ ॥ ੨ ॥
(ਮ: ੨, ਆਸਾ ਕੀ ਵਾਰ)

(ਅ) ਜੀਵਨ ਦਾ ਸਹੀ ਰਸਤਾ ਦੱਸਣ ਲੱਗੇ ਗੁਰੂ ਅੰਗਦ ਸਾਹਿਬ ਹਦਾਇਤ ਕਰਦੇ ਹਨ ਕਿ ਮਨੁੱਖ ਅੰਮ੍ਰਿਤ ਵੇਲੇ ਉੱਠ ਕੇ ਸਤਸੰਗ ਵਿਚ ਜਾਏ ਤੇ ਪਰਮਾਤਮਾ ਦੀ ਸਿਫਤ-ਸਲਾਹ ਕਰੇ-ਸੁਣੇ ਅਤੇ ਦਿਨ ਦੇ ਬਾਕੀ ਸਮੇਂ ਵਿਚ ਵੀ ਉਹਨਾ ਬੰਦਿਆਂ ਨਾਲ ਮੇਲ ਜੋਲ ਰੱਖੇ ਜੋ ਗੁਰ-ਸ਼ਬਦ ਦੇ ਪ੍ਰੇਮੀ ਹੋਣ—

ਚਉਥੈ ਪਹਰਿ ਸਬਾਹ ਕੈ, ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ
ਮਨਿ ਮੁਖਿ ਸਚਾ ਨਾਉ ॥
... ...
ਸਤੀ ਪਹਰੀ ਸਤੁ ਭਲਾ, ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ
ਕੂੜੈ ਘਟੈ ਰਾਸਿ ॥ *(ਮਾਝ ਕੀ ਵਾਰ, ਮ:੧, ਪੰਨਾ ੧੪੬)*

(ੲ) ਪਰਮਾਤਮਾ ਵਾਲੇ ਪਾਸੇ ਦੀ ਲਗਨ ਪੈਦਾ ਕਰਨ ਲਈ ਗੁਰ-ਸ਼ਬਦ ਦੀ ਵੀਚਾਰ ਹੀ ਇਕੋ ਇਕ ਤਰੀਕਾ ਤਜਵੀਜ਼ ਕਰਦੇ ਹਨ—

ਮਨਹਠਿ ਤਰਫ ਨ ਜਿਪਈ, ਜੇ ਬਹੁਤਾ ਘਾਲੇ ॥
ਤਰਫ ਜਿਣੈ ਸਤ ਭਾਉ ਦੇ
ਜਨ ਨਾਨਕ ਸਬਦੁ ਵੀਚਾਰੇ ॥੪ ॥੭ ॥
(ਸੂਹੀ ਕੀ ਵਾਰ, ਪੰਨਾ ੭੮੭)

ਸਿੱਖੀ ਦਾ ਬੂਟਾ ਅਜੇ ਨਵਾਂ ਕੋਮਲ ਸੀ, ਇਸਨੂੰ ਸੁਰਜੀਤ ਤੇ ਸੰਘਣਾ ਰਖਣ ਲਈ ਜ਼ਰੂਰੀ ਸੀ ਕਿ ਸਮਾਜਿਕ ਤੇ ਧਾਰਮਿਕ ਜੀਵਨ ਦੇ ਅੰਗਾਂ-ਹੱਕ ਦੀ ਕਮਾਈ, ਜਨੇਊ, ਸੂਤਕ, ਮ੍ਰਿਤਕ ਸੰਸਾਰਕ, ਆਦਿਕ ਅਤੇ ਜੀਵਨ ਵਿਚ ਨਿੱਤ ਨਵੀਆਂ ਵਾਪਰਨ ਵਾਲੀਆਂ ਹੋਰ ਕਈ ਗੁੰਝਲਾਂ ਨੂੰ ਬਾਣੀ ਰਾਹੀਂ ਹੀ ਉਪਦੇਸ਼ ਦੇ ਕੇ ਹੱਲ ਕੀਤਾ ਜਾਏ। ਅਜਿਹਾ ਹੀ ਗੁਰੂ ਅੰਗਦ ਦੇਵ ਜੀ ਕਰਿਆ ਕਰਦੇ ਸਨ।

ਆਪ ਨੇ ਗੁਰਮਤਿ ਅਸੂਲਾਂ ਨੂੰ ਬੜੀ ਦ੍ਰਿੜਤਾ ਨਾਲ ਪ੍ਰਚਾਰਿਆ। ਸਮਕਾਲੀ ਪ੍ਰਸਥਿਤੀਆਂ ਵਿਚ ਆਈਆਂ ਔਕੜਾਂ ਦਾ ਡੱਟ ਕੇ ਮੁਕਾਬਲਾ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਦੇ ੬੩ ਸਲੋਕ ਹਨ ਜੋ ਨਿੰਮਤ ਵਾਰਾਂ ਦੀਆਂ ਸੰਬੰਧਤ ਪਉੜੀਆਂ ਨਾਲ ਵਿਦਮਾਨ ਹਨ —

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਵਿਚ	= ੩੨ ਸਲੋਕ
ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਾਰਾਂ ਵਿਚ	= ੧੯ ਸਲੋਕ
ਸ੍ਰੀ ਗੁਰੂ ਰਾਮ ਦਾਸ ਜੀ ਦੀਆਂ ਵਾਰਾਂ ਵਿਚ	= ੧੨ ਸਲੋਕ
ਕੁਲ ਜੋੜ	= ੬੩ ਸਲੋਕ

ਇਨ੍ਹਾਂ ਸਲੋਕਾਂ ਦਾ ਮੁੱਖ ਉਪਦੇਸ਼ ਵਾਹਿਗੁਰੂ ਦੇ ਗੁਣਾਂ ਦਾ ਵਿਸਥਾਰ, ਗੁਰੂ ਦੀ ਮਹੱਤਤਾ, ਜੀਵਨ ਦੀ ਵਿਸ਼ੇਸ਼ਤਾ ਤੇ ਮਨੋਰਥ, ਸਫਲਤਾ ਦੇ ਸ੍ਰੋਤ ਤੇ ਸਾਧਨ ਆਦਿਕ ਹੈ। ਆਪ ਜੀ ਨੇ ਜੋ ਪ੍ਰਚਾਰਿਆ, ਉਸੇ ਨੂੰ ਅਸਲ ਰੂਪ ਵਿਚ ਅਪਨਾਇਆ। ❖❖❖

ਸਿੱਖ ਰਹਿਤ ਮਰਯਾਦਾ

ਸਿੰਘ ਜੀ ! ਨੰਗੇ ਸਿਰ ਨਹੀਂ

— ਗਿਆਨੀ ਸੁਰਜੀਤ ਸਿੰਘ, ਨਵੀਂ ਦਿੱਲੀ

ਗੁਰਸਿੱਖ ਭਾਵੇਂ ਕਿਤਨਾ ਵੀ ਜਜ਼ਬਾਤੀ, ਨਿਤਨੇਮੀ, ਗੁਰੂ ਘਰ ਨਾਲ ਬੇਹੱਦ ਲਗਨ ਰਖਣ ਵਾਲਾ ਹੋਵੇ, ਉਸ ਨੂੰ ਆਪਣੇ ਸਿੱਖ ਹੋਣ ਉਪਰ ਸਚਮੁਚ ਬੜਾ ਮਾਣ ਵੀ ਹੋਵੇ, ਪਰ ਜਦ ਕਦੇ ਕੋਈ ਬਾਹਰ ਦਾ ਸੱਜਣ ਉਸ ਗੁਰਸਿੱਖ ਨੂੰ ਮਿਲਣ ਜਾਵੇ ਅਤੇ ਅੱਗੋਂ ਉਹ ਆਮ ਤੌਰ ਤੇ ਘਰ ਵਿਚ ਨੰਗੇ ਸਿਰ ਬੈਠਾ ਹੀ ਮਿਲੇ ਤਾਂ ਪਹਿਲਾ ਪ੍ਰਭਾਵ ਇਹੀ ਪਵੇਗਾ—ਗੁਰਸਿੱਖ ਸਿੱਖੀ ਪੱਖੋਂ ਬੜਾ ਲਾਪਰਵਾਹ ਹੈ, ਸਿੱਖੀ ਪੱਖੋਂ ਕੱਚਾ ਹੈ, ਖ਼ਾਲੀ ਹੈ, ਆਦਿ। ਇਹ ਪ੍ਰਭਾਵ ਕਿਸੇ ਤਰ੍ਹਾਂ ਵੀ ਚੰਗਾਂ ਨਹੀਂ ਅਤੇ ਹੈ ਵੀ ਸਿੱਖੀ ਡਿਸਿਪਲਿਨ ਅਤੇ ਕੇਸਾਂ ਦੇ ਸਤਿਕਾਰ ਦੇ ਵਿਰੁਧ।

ਗੁਰਸਿੱਖ ਦਾ ਫਰਜ਼ ਹੈ ਕਿ ਉਹ ਸਦਾ ਕੇਸਾਂ ਨੂੰ ਢੱਕ ਕੇ ਰਖੇ ਅਤੇ ਸਤਿਗੁਰਾਂ ਦੀ ਮਹਾਨ ਦਾਤ ਕੇਸਾਂ ਵਿਚ ਕਿਸੇ ਪ੍ਰਕਾਰ ਦਾ ਮਿੱਟੀ ਘੱਟਾ ਨਾ ਪੈਣ ਦੇਵੇ। ਜੇ ਘਰ ਵਿਚ ਬੈਠਾ ਹੈ ਜਾਂ ਕਿਧਰੇ ਨਜ਼ਦੀਕ ਜਾ ਰਿਹਾ ਹੈ ਤਾਂ ਘੱਟੋ ਘੱਟ ਸਿਰ ਉਪਰ ਛੋਟੀ ਦਸਤਾਰ ਅਵੱਸ਼ ਹੀ ਹੋਣੀ ਚਾਹੀਦੀ ਹੈ।

ਸੱਚੀ ਗੱਲ ਤਾਂ ਇਹ ਹੈ, ਜਿਸ ਗੁਰਸਿੱਖ ਦੀ ਆਦਤ ਹੀ ਬਣ ਚੁੱਕੀ ਹੈ, ਕੇਸਾਂ ਨੂੰ ਕਦੇ ਢੱਕ ਕੇ ਨਹੀਂ ਰਖਣਾ, ਘਰੋਂ ਉਠਣਾ ਤੇ ਗਲੀ ਮੁਹੱਲੇ ਮਾਰਕੀਟ ਵਿਚ ਚਲ ਪੈਣਾ, ਨੰਗੇ ਸਿਰ—ਉਸ ਨੂੰ ਸਚਮੁਚ ਹੀ ਇਸ ਵਿਚ ਕੋਈ ਗਲਤੀ ਨਜ਼ਰ ਨਹੀਂ ਆਉਂਦੀ।

ਮੈਂ ਇਕ ਸਰਦਾਰ ਸਾਹਿਬ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਜਦੋਂ ਉਹ ਇਕ ਸ਼ਾਮ ਨੂੰ ਨੰਗੇ ਸਿਰ ਟਹਿਲ ਰਹੇ ਸਨ, ਤਾਂ ਨੇੜੇ ਕੁਝ ਬੱਚੇ ਖੇਡ ਰਹੇ ਸਨ। ਦੇਖਦੇ ਦੇਖਦੇ ਉਹਨਾਂ ਇਕ ਦੂਜੇ ਨਾਲ ਪੱਥਰ ਮਾਰਨ ਦੀ ਕੋਝੀ ਖੇਡ ਸ਼ੁਰੂ ਕਰ ਦਿਤੀ। ਅਚਾਨਕ ਇਕ ਪੱਥਰ ਸਰਦਾਰ ਜੀ ਦੇ ਸਿਰ ਵਿਚ ਆ ਲਗਾ। ਬੱਚੇ ਤਾਂ ਦੌੜ ਗਏ ਪਰ ਸਰਦਾਰ ਜੀ ਨੂੰ ਹਸਪਤਾਲ ਵਿਚ ਜਾ ਕੇ ਸਿਰ ਵਿਚ ਤਿੰਨ ਟਾਂਕੇ ਲਗਵਾਉਣੇ ਪਏ। ਅਗੋਂ ਉਹਨਾਂ ਨੇ ਨੰਗੇ ਸਿਰ ਰਹਿਣੋਂ ਤੌਬਾ ਕਰ ਲਈ ਤੇ ਹੁਣ ਸਦਾ ਸਿਰ ਤੇ ਦਸਤਾਰ ਸਜਾਈ ਰਖਦੇ ਹਨ। ਇਕ ਹੋਰ ਸਰਦਾਰ ਜੀ ਹਨ, ਕਦੇ ਦਸਤਾਰ ਸਿਰ ਉਪਰ ਸਜਾਉਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਮਾਲਿਕ ਦੀ ਖੇਡ, ਇਕ ਦਿਨ ਜਦੋਂ ਆਪਣੇ ਧਿਆਨ ਬੈਠੇ, ਸ਼ੀਸ਼ੇ ਵਿਚ ਅਚਾਨਕ ਨਜ਼ਰ ਪਈ; ਨੰਗੇ ਸਿਰ ਨਿੱਕੇ ਨਿੱਕੇ ਕੇਸ ਇਧਰ-ਉਧਰ ਖਿੰਡੇ ਹੋਏ ਸਨ, ਆਪਣੇ ਆਪ ਤੋਂ ਹੀ ਸ਼ਰਮ ਆ ਗਈ, ਦਸਤਾਰ ਬਾਕਾਇਦਾ ਸਜਾਉਣੀ ਸ਼ੁਰੂ ਕਰ ਦਿਤੀ। ਸਮਝ ਆ ਗਈ ਕੇਸਾਂ ਵਾਲੀ ਸ਼ਾਨ ਦਸਤਾਰ ਤੋਂ ਬਿਨਾਂ ਨਹੀਂ।

ਜੂਨ ਦਾ ਮਹੀਨਾ, ਜਦੋਂ ਇਕ ਮੁੰਡੇ ਨੂੰ ਅਚਾਨਕ ਹੀ ਪਾਗਲਪਨ ਦਾ ਦੌਰਾ ਉਠਿਆ, ਉਸ ਦੇ ਘਰ ਵਾਲੇ ਘਬਰਾ ਗਏ। ਉਸ ਦੇ ਪਿਤਾ ਜੀ ਆਪਣੇ ਪੜੋਸੀ ਇਕ ਸਰਦਾਰ ਜੀ ਨੂੰ ਨਾਲ ਲੈ ਕੇ ਹਸਪਤਾਲ ਗਏ। ਚੈਕ-ਅੱਪ ਤੋਂ ਬਾਅਦ ਡਾਕਟਰ ਨੇ ਦਸਿਆ ਮੁੰਡੇ ਨੂੰ ਸਨ ਸਟਰੋਕ (ਭਾਵ ਦਿਮਾਗ ਨੂੰ ਸੂਰਜ ਦੀ ਗਰਮੀ ਚੜ੍ਹਨੀ) ਹੋ ਗਿਆ ਹੈ। ਨਾਲ ਹੀ ਆਏ ਉਸ ਸਰਦਾਰ ਜੀ ਨੂੰ ਤੱਕ ਕੇ ਉਸ ਬੰਗਾਲੀ ਡਾਕਟਰ ਦੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, "ਯਹ ਸਰਦਾਰ ਜੀ ਤੋ ਅੱਛਾ ਲੋਗ ਹੈ, ਇਨਕੋ ਕਭੀ ਸਨ-ਸਟਰੋਕ ਨਹੀਂ ਹੋਤਾ, ਜੋ ਨੰਗੇ ਸਿਰ ਖੁਲ੍ਹੇ ਬਾਲ ਰਹੇਗਾ ਉਸ ਕਾ ਬਾਤ ਦੂਸਰਾ ਹੈ।" ਸਰਦਾਰ ਜੀ ਨੂੰ, ਜਿਹੜੇ ਉਂਝ ਤਾਂ ਆਮ ਨੰਗੇ ਸਿਰ ਹੀ ਰਹਿ ਲੈਂਦੇ ਸਨ, ਇਸ ਅਜ਼ਮਤ ਦਾ ਪਤਾ ਲਗਾ, ਅਗੋਂ ਵਾਸਤੇ ਸਦਾ ਲਈ ਨੰਗੇ ਸਿਰ ਰਹਿਣਾ ਬੰਦ ਕਰ ਦਿਤਾ। ਜਦੋਂ ਨੰਗੇ ਸਿਰ ਰਹਿੰਦੇ ਸਨ ਤਾਂ ਪੱਗੜੀ ਭਾਰੀ ਹੋਣ ਦਾ ਵਹਿਮ ਸੀ, ਹੁਣ ਸਿਰ ਢੱਕ ਕੇ ਰਹਿਣਾ ਸ਼ੁਰੂ ਕੀਤਾ ਤਾਂ ਹੀ ਪਤਾ ਲਗਾ ਕਿ ਕੇਸਾਂ ਨੂੰ ਢੱਕ ਕੇ ਰੱਖਣ ਵਾਲਾ ਨੰਗੇ ਸਿਰ ਰਹਿ ਹੀ ਨਹੀਂ ਸਕਦਾ।

ਖ਼ੈਰ! ਇਹ ਤਾਂ ਹੋਈਆਂ ਵਕਤੀ ਘਟਨਾਵਾਂ ਜਿਨ੍ਹਾਂ ਤੋਂ ਸਾਨੂੰ ਕੇਸਾਂ ਵਾਲੇ ਸੋਹਣੇ ਦਸਤਾਰ ਸਜੇ ਸਰੂਪ ਦੇ ਆਪ ਮੁਹਾਰੇ ਹੋਣ ਵਾਲੇ ਲਾਭਾਂ ਦੀ ਝਲਕਾਰ ਪੈਂਦੀ ਹੈ, ਪਰ ਨੰਗੇ ਸਿਰ ਰਹਿਣ ਵਾਲਿਆਂ ਦੇ ਸਿਰ ਬੱਚਿਆਂ ਦੇ ਪੱਥਰਾਂ ਨਾਲ ਤਾਂ ਨਹੀਂ ਪਾਟਦੇ, ਆਖਿਰ ਗੈਰ ਸਿੱਖ ਕੇਸ ਹੀਣੇ ਵੀ ਤਾਂ ਹਨ। ਇਹ ਤਾਂ ਕੇਵਲ ਇਕ ਇਸ਼ਾਰਾ ਹੈ ਕਿ ਕਈ ਵਾਰ ਜ਼ਿੰਦਗੀ ਦੀ ਕੋਈ ਛੋਟੀ ਜਿੰਨੀ ਘਟਨਾ ਵੀ ਜ਼ਿੰਦਗੀ ਵਿਚ ਮਨੁੱਖ ਲਈ ਕਿਸੇ ਚੰਗੇ ਮੋੜ ਦਾ ਕਾਰਨ ਬਣ ਜਾਂਦੀ ਹੈ, ਸਚਾਈ ਨਾਲ ਜੋੜ ਸਕਦੀ ਹੈ। ਲੋੜ ਤਾਂ ਇਹ ਹੈ ਕਿ ਗੁਰਸਿੱਖ ਨੇ ਕਦੇ ਨੰਗੇ ਸਿਰ ਨਹੀਂ ਰਹਿਣਾ ਅਤੇ ਸਿਰ ਨੂੰ ਢੱਕ ਕੇ ਰਖਣਾ ਹੈ, ਇਹ ਗੁਰਸਿੱਖ ਦਾ ਪਹਿਲਾ ਫਰਜ਼ ਹੈ। ਇਹ ਵੀ ਇਕ ਸਚਾਈ ਹੈ ਕਿ ਜਦੋਂ ਜੰਗਾਂ-ਜੁਧਾਂ ਸਮੇਂ ਉਚੇ ਮੋਰਚਿਆਂ ਤੇ ਡਟੇ ਹੋਏ ਮਿਲਟਰੀ ਜਵਾਨਾਂ ਦੀਆਂ ਫੋਟੋਆਂ ਅਖਬਾਰਾਂ ਵਿਚ ਛਪਦੀਆਂ ਹਨ ਤਾਂ ਮਨੁਖੀ ਸਰੀਰ ਦਾ ਰੋਅਬਦਾਰ ਅਤੇ ਭਰਵਾਂ ਖਿੱਚ ਪਾਊ ਪ੍ਰਭਾਵ ਦਸਤਾਰਧਾਰੀ ਗੁਰਸਿੱਖਾਂ ਦੇ ਸਰੀਰਾਂ ਤੋਂ ਹੀ ਪੈਂਦਾ ਹੈ।

ਕੇਸ ਸਿੱਖੀ ਦੀ ਪਹਿਚਾਨ ਹਨ। ਸਾਰੀ ਉਮਰ ਕੋਈ ਗੁਰਦੁਆਰੇ ਜਾਂਦਾ ਰਹੇ ਉਸ ਨੂੰ ਕੋਈ ਵੀ ਸਰਦਾਰ ਜੀ ਕਹਿ ਕੇ ਆਵਾਜ਼ ਨਹੀਂ ਲਗਾਂਦਾ, ਇਹਨਾਂ ਕੇਸਾਂ ਨਾਲ ਹੀ ਸਿੱਖੀ ਦੀ ਸ਼ਾਨ ਵੀ ਹੈ ਅਤੇ ਹੋਂਦ ਵੀ। ਜੇ ਕੇਸਾਂ ਵਾਲਾ ਸੋਹਣਾ ਸਰੂਪ ਨਾ ਹੁੰਦਾ ਤਾਂ ਅੱਜ ਸਿੱਖ ਵੀ ਕਿਧਰੇ ਨਜ਼ਰ ਨਾ ਆਉਂਦੇ; ਹਿੰਦੂਆਂ, ਜੈਨੀਆਂ, ਬੋਧੀਆਂ, ਈਸਾਈਆਂ ਅਤੇ ਮੁਸਲਮਾਨ ਵੀਰਾਂ ਦੀ ਤਰ੍ਹਾਂ ਆਪਣੇ ਹੀ ਮੂੰਹੋਂ ਕਿਸੇ ਨੂੰ ਕਹਿਣਾ ਪੈਂਦਾ ਕਿ 'ਮੈਂ ਸਿੱਖ ਹਾਂ'—ਕਿਤਨਾ ਨਿਰਾਲਾ ਸਰੂਪ ਹੈ, ਜੋ ਗੁਰੂ ਸਾਹਿਬ ਨੇ ਬਖਸ਼ਿਆ ਹੈ ਗੁਰਸਿੱਖ ਨੂੰ। ਜੇ ਅੰਦਰ ਧਾਰਮਿਕ ਕਮਜ਼ੋਰੀ ਆ ਜਾਵੇ ਤਾਂ ਇਹ ਕਮਜ਼ੋਰੀ ਬਾਹਰੋਂ ਦਿਸਣ ਲਗ ਪੈਂਦੀ ਹੈ, ਕਿਧਰੇ ਮੁੱਛਾਂ ਦੀ ਬੇਅਦਬੀ ਦੇ ਰੂਪ ਵਿਚ ਅਤੇ ਕਿਧਰੇ ਦਾੜ੍ਹੀ ਦੀ ਬੇਅਦਬੀ ਦੇ ਰੂਪ ਵਿਚ ਸਾਹਮਣੇ ਆ ਜਾਂਦੀ ਹੈ। ਨੰਗੇ ਸਿਰ

ਇਧਰ-ਉਧਰ ਬੈਠਣਾ, ਗੱਪਾਂ ਮਾਰਨੀਆਂ ਜਾਂ ਬਾਹਰ ਅੰਦਰ ਆਣਾ-ਜਾਣਾ ਵੀ ਅੰਦਰੋਂ ਸਿੱਖੀ ਸਤਿਕਾਰ ਦੀ ਕਮੀ ਦਾ ਹੀ ਸਬੂਤ ਹੈ। ਜੇ ਕਿਸੇ ਕੁਸੰਗਤ ਕਾਰਨ ਸਿੱਖੀ ਖੇਤ ਦੀ ਜਦੋਂ ਇਹ ਵਾੜ ਹੀ ਨਾ ਰਹੇ ਤਾਂ ਪਾਨ, ਸਿਗਰਟ, ਤੰਬਾਕੂ, ਵਿਭਚਾਰ ਆਦਿ ਵੀ ਮਨੁੱਖ ਉਪਰ ਹਾਵੀ ਹੁੰਦੇ ਦੇਰ ਨਹੀਂ ਲਾਂਦੇ। ਸਿੱਖੀ ਸਰੂਪ ਦੀ ਦੀਵਾਰ ਟੁਟਦਿਆਂ ਹੀ ਸਿੱਖੀ ਵਾਤਾਵਰਣ ਵਿਚ ਤਰੇੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪਹਿਲਾਂ ਆਪ ਪਤਿਤ, ਫਿਰ ਉਲਾਦ ਕੇਸਹੀਨ, ਉਪਰੰਤ ਨੂੰਹਾਂ ਬੀੜੀ ਸਿਗਰਟ ਪੀਣ ਵਾਲੀਆ ਦੇ ਘਰੋਂ ਅਤੇ ਧੀਆਂ ਸਿਗਰਟ-ਨੋਸ਼ਾਂ ਦੇ ਘਰ। ਘਰ ਵਿਚ ਉਹ ਘੰਟੀਆਂ, ਦੇਵੀ ਦੇਵਤਿਆਂ ਦੀਆਂ ਪੂਜਾਵਾਂ, ਵਰਤ, ਟਿੱਕੇ, ਰਖੜੀਆਂ, ਹਰ ਇਕ ਚੀਜ਼ ਪਹੁੰਚ ਜਾਂਦੀ ਹੈ।

ਕੇਸ—ਜੋ ਸਿੱਖੀ ਦੀ ਆਨ, ਸ਼ਾਨ, ਰਾਖੀ ਅਤੇ ਸਭ ਤੋਂ ਉਪਰ ਗੁਰੂ ਪਾਤਸ਼ਾਹ ਦਾ ਸਾਡੇ ਵਾਸਤੇ ਹੁਕਮ ਹਨ—ਸੰਭਾਲ ਹੁੰਦੀ ਹੈ ਕੇਵਲ ਦਸਤਾਰ ਨਾਲ। ਦਸਤਾਰ ਨਾ ਬੰਨ੍ਹਣਾ ਜਾਂ ਨੰਗੇ ਸਿਰ ਰਹਿਣਾ ਸਿੱਖੀ ਡਿਸਿਪਲਨ ਦੇ ਵਿਰੁਧ ਹੈ ਅਤੇ ਮਹਾਨ ਕੇਸਾਂ ਦੀ ਬੇਅਦਬੀ ਹੈ। ਸਭ ਤੋਂ ਵੱਡੀ ਗੱਲ ਉਹਨਾਂ ਕੇਸਾਂ ਵਿਚ ਮਿਟੀ ਘਟਾ ਪੈਂਦਾ ਹੈ ਜਿਨ੍ਹਾਂ ਦਾ ਵੱਧ ਤੋਂ ਵੱਧ ਸਤਿਕਾਰ, ਹਰ ਗੁਰਸਿੱਖ ਦਾ ਸਭ ਤੋਂ ਪਹਿਲਾ ਫਰਜ਼ ਹੈ ਅਤੇ ਜਿਨ੍ਹਾਂ ਕਰਕੇ ਹੀ ਅਸੀਂ ਸਿੱਖ ਹਾਂ।

ਰਹਿਤਨਾਮਿਆਂ ਵਿਚ ਤਾਂ ਇਥੋਂ ਤੀਕ ਹੁਕਮ ਹੈ ਕਿ ਦਸਤਾਰ ਦੋਵੇ ਵਕਤ, ਇਕ-ਇਕ ਲੜ ਕਰ ਕੇ ਬੰਨ੍ਹੀ ਜਾਵੇ, ਜਿਸਦਾ ਮਤਲਬ ਸਪੱਸ਼ਟ ਹੈ ਕਿ ਉਸ ਵਿਚ ਮਿਟੀ-ਘਟਾ ਜੰਮਣ ਨਾ ਦਿਤਾ ਜਾਵੇ। ਪੱਗੜੀ ਦਾ ਅਸਲ ਮਕਸਦ ਦਿਮਾਗ ਨੂੰ ਤਰੋ-ਤਾਜ਼ਾ ਅਤੇ ਠੰਢਾ ਰਖਣ ਦਾ ਹੈ। ਕੁਦਰਤ ਦਾ ਇਹ ਨਿਯਮ ਹੈ, ਮਨੁੱਖੀ ਦਿਮਾਗ ਦੀ ਇਹ ਲੋੜ ਨੰਗੇ ਕੇਸਾਂ ਨਾਲ ਪੂਰੀ ਨਹੀਂ ਹੁੰਦੀ ਅਤੇ ਨਾ ਹੀ ਹੈਟਾਂ ਅਤੇ ਟੋਪੀਆਂ ਨਾਲ। ਕੇਸਹੀਣਾਂ ਨੂੰ ਦੇਖੋ! ਕਦੇ ਗਰਮੀ ਦੀ ਤੇਜ਼ੀ ਤੋਂ ਬਚਣ ਵਾਸਤੇ ਗਿਲੇ ਤੌਲੀਏ ਸਿਰ ਉਪਰ ਰਖਣੇ ਪੈਂਦੇ ਹਨ ਅਤੇ ਕਦੇ ਸਰਦੀ ਦੇ ਪ੍ਰਕੋਪ ਤੋਂ ਬੱਚਣ ਵਾਸਤੇ ਮਫ਼ਲਰ ਆਦਿ ਲਪੇਟਣੇ ਪੈਂਦੇ ਹਨ, ਪਰ ਦਸਤਾਰਧਾਰੀ ਗੁਰਸਿੱਖ ਨੂੰ ਇਹ ਸਭ ਕੁਝ ਨਹੀਂ ਕਰਨਾ ਪੈਂਦਾ। ਕਿਥੇ ਇਹ ਸਚਾਈ ਕਿ ਪਗੜੀ ਨੂੰ ਅਸਾਂ ਚੀਨ ਚੀਨ ਕੇ ਬੰਨ੍ਹਣਾ ਹੈ ਮਿੱਟੀ-ਘੱਟੇ ਤੋਂ ਬਚਾਉਣ ਲਈ, ਕਿਥੇ ਨੰਗੇ ਸਿਰ ਰਖ ਕੇ ਮਿਟੀ ਘਟਾ ਕੇਸਾਂ ਵਿਚ ਆਪ ਹੀ ਪੁਆਈ ਜਾਣਾ...।

ਐ ਗੁਰਸਿੱਖ! ਇਹ ਸਾਰੇ ਲਾਭ ਤਾਂ ਤੈਨੂੰ ਆਪ ਮੁਹਾਰੇ ਹੀ ਹੋਈ ਜਾਂਦੇ ਨੇ, ਕਦੇ ਸੋਚਿਆ ਤੇ ਕਰ। ਫਿਰ ਇਕ ਹੋਰ ਗੱਲ—ਗਰਮੀਆਂ ਵਿਚ ਜਦੋਂ ਕੇਸਾਂ ਵਿਚ ਪਸੀਨਾ ਆਉਂਦਾ ਹੈ ਉਪਰ ਸਜੀ ਦਸਤਾਰ ਕਾਰਨ ਉਸ ਨਾਲ ਦਿਮਾਗ ਨੂੰ ਠੰਢਕ ਮਿਲਦੀ ਹੈ ਜਿਵੇਂ ਮੁਸਾਮਾਂ ਕਾਰਣ ਪਾਣੀ ਘੜੇ ਵਿਚ ਠੰਢਾ ਰਹਿੰਦਾ ਹੈ ਪਰ ਮੁਸਾਮਾ ਰਹਿਤ ਕਿਸੇ ਧਾਤ ਦੇ ਭਾਂਡੇ (ਵਲਟੋਹੀ ਆਦਿ) ਵਿਚ ਗਰਮ ਹੋ ਜਾਂਦਾ ਹੈ, ਏਸੇ ਕਰ ਕੇ ਤਾਂ ਗੁਰਸਿੱਖ ਨੂੰ ਸਨ-ਸਟਰੋਕ ਨਹੀਂ ਹੁੰਦਾ, ਸ਼ਰਤ ਇਹ ਹੈ ਕਿ ਕੇਸਾਂ ਉਪਰ ਬਾਕਾਇਦਾ ਦਸਤਾਰ ਸਜਾਈ ਹੋਵੇ। ਸ਼ਾਇਦ ਇਸੇ ਕਾਰਨ ਮਨੁੱਖਾਂ ਨੂੰ ਦਿਮਾਗ ਦੀ ਹਿਫਾਜ਼ਤ ਵਾਸਤੇ ਸਿਰ ਉਪਰ ਲੰਮੇ ਲੰਮੇ ਕੇਸ ਵੀ ਮਿਲੇ ਹਨ ਅਤੇ ਇਤਨੇ ਲੰਮੇ ਕੇਸ ਸਰੀਰ ਦੇ ਕਿਸੇ ਹੋਰ ਹਿੱਸੇ ਤੇ ਨਹੀਂ। ਸਰਦੀਆਂ ਵਿਚ ਇਹੀ ਕੇਸ ਅਤੇ ਉਪਰ ਦਸਤਾਰ, ਦਿਮਾਗ ਨੂੰ ਨਿੱਘਾ ਵੀ ਰਖਦੇ ਹਨ।

ਗੁਰਸਿੱਖ ਨੂੰ ਕੇਸ ਤਾਂ—ਆਪਣੀ ਜਾਨ ਤੋਂ ਵਧ ਪਿਆਰੇ ਹਨ। ਭਾਈ ਤਾਰੂ ਸਿੰਘ ਵਾਂਗੂ ਉਹ ਖੋਪਰੀ ਤਾਂ ਉਤਰਵਾ ਸਕਦਾ ਹੈ ਪਰ ਕੇਸਾਂ ਵਾਲੇ ਸੋਹਣੇ ਸਰੂਪ ਵਲ ਕਿਸੇ ਨੂੰ ਮੈਲੀ ਅੱਖ ਨਹੀਂ ਕਰਨ ਦੇਂਦਾ। ਉਹ ਜਾਣਦਾ ਹੈ ਕਿ ਇਹਨਾਂ ਕੇਸਾਂ ਕਰ ਕੇ ਹੀ ਉਹ ਆਪਣੇ ਸਿੱਖੀ ਪਰਿਵਾਰ ਨਾਲ ਜੁੜਿਆ ਹੈ, ਗੁਰੂ ਨਾਨਕ ਦਾ ਸਿੱਖ ਹੈ ਅਤੇ ਸਭੰ ਕੁਝ ਹੈ। ਇਕੋ ਹੀ ਮਨੁੱਖ ਦੀਆਂ ਜੇ ਦੋ ਫੋਟੋਆਂ ਲਈਆਂ ਜਾਣ, ਇਕ ਨੰਗੇ ਸਿਰ ਅਤੇ ਦੂਜੀ ਦਸਤਾਰ ਸਹਿਤ ਤਾਂ ਸਪਸ਼ਟ ਹੁੰਦੇ ਦੇਰ ਨਹੀਂ ਲਗਦੀ ਕਿ ਗੁਰਸਿੱਖ ਦਾ ਰੋਅਬਦਾਰ ਚਿਹਰਾ ਦਸਤਾਰ ਤੋਂ ਬਿਨਾਂ ਖਿੜਦਾ ਹੀ ਨਹੀਂ।

ਕੇਸਾਂ ਨੂੰ ਸਫਾਈ ਸੰਭਾਲ ਦੇ ਪੱਖੋਂ ਢੱਕ ਕੇ ਰਖਣਾ-ਸਿੱਖੀ ਡਿਸਿਪਲਿਨ ਤਾਂ ਹੈ ਹੀ ਪਰ ਨੰਗੇ ਕੇਸੀਂ ਲੰਗਰ-ਪਾਣੀ ਛਕਣਾ ਜਾਂ ਜੰਗਲ-ਪਾਣੀ ਜਾਣ ਉਪਰ ਤਾਂ ਉਕਾ ਹੀ ਸਖਤ ਪਾਬੰਦੀ ਹੈ।

ਪਟਕਾ ਵੀ ਨਹੀਂ— ਦਸਤਾਰ ਦਸਤਾਰ ਹੀ ਹੈ, ਪਟਕਾ ਉਸ ਦਾ ਬਦਲ ਨਹੀਂ। ਅੰਦਰੋਂ ਸਿੱਖੀ ਪੱਖੋਂ ਕਮਜ਼ੋਰ ਜੇ ਕੋਈ ਗੁਰਸਿੱਖ ਇਹ ਮਹਿਸੂਸ ਕਰੇ ਕਿ ਉਹ ਪਟਕਾ ਤਾਂ ਬੰਨ੍ਹਦਾ ਹੈ ਅਤੇ ਉਸੇ ਨੂੰ ਪੰਜ ਮੀਟਰ ਵਾਲੀ ਦਸਤਾਰ ਸਮਝੇ ਤਾਂ ਉਹ ਵੱਡੀ ਗਲਤੀ ਤੇ ਹੈ। ਪਟਕਾ ਕੇਵਲ 10-12 ਸਾਲ ਦੀ ਉਮਰ ਤੀਕ ਦੇ ਬੱਚਿਆਂ ਵਾਸਤੇ ਹੀ ਜਾਇਜ਼ ਹੈ ਇਸ ਤੋਂ ਅੱਗੋਂ ਨਹੀਂ। ਪੰਥ ਅੰਦਰ ਵਧ ਰਹੀ ਇਸ ਪਟਕਾ ਬੀਮਾਰੀ ਤੋਂ ਹਰ ਇਕ ਗੁਰਸਿੱਖ ਨੂੰ ਸੁਚੇਤ ਹੋਣਾ ਜ਼ਰੂਰੀ ਹੈ।

ਛੋਟੀ ਦਸਤਾਰ—ਜਿਵੇਂ ਉਪਰਲੇ ਕੱਪੜਿਆਂ ਹੇਠ ਕਛਹਿਰਾ-ਬਨਿਆਨ ਪਾਇਆ ਜਾਂਦਾ ਹੈ ਇਵੇਂ ਵੱਡੀ ਦਸਤਾਰ ਹੇਠਾਂ ਇਕ ਛੋਟੀ ਦਸਤਾਰ ਦਾ ਵੀ-ਨਿਯਮ ਹੈ। ਰਾਤ-ਪ੍ਰਭਾਤ, ਨੇੜੇ-ਤੇੜੇ ਵੱਡੀ ਦਸਤਾਰ ਤੋਂ ਬਿਨਾਂ ਥੋੜ੍ਹਾ ਕੰਮ ਕੇਵਲ ਉਸ ਨਾਲ ਵੀ ਲਿਆ ਜਾ ਸਕਦਾ ਹੈ। ਉਸ ਦਾ ਪ੍ਰਭਾਵ ਵੀ ਬੜਾ ਪਿਆਰਾ ਅਤੇ ਆਪਣੀ ਕਿਸਮ ਦਾ ਹੁੰਦਾ ਹੈ। ਪਰ ਪਟਕਾ ਇਸ ਦੀ ਪੂਰਤੀ ਨਹੀਂ। ❖❖❖

ਪਾਠਕ ਜੀ,
ਫ੍ਰੀ ਲਿਟਰੇਚਰ ਫੰਡ ਵਿਚ
ਆਪਣਾ ਹਿੱਸਾ ਪਾਉ।

ਖਾਲਸਾ ਪੰਥ ਅਤੇ ਪਤਿਤਪੁਣੇ ਦਾ ਰੋਗ

— ਸ: ਅਨੁਰਾਗ ਸਿੰਘ, ਲੁਧਿਆਣਾ

ਸੰਨ ੧੬੯੯ ਦੀ ਵਿਸਾਖੀ, ਸਿੱਖ ਜਗਤ ਵਿਚ ਹੀ ਨਹੀਂ, ਬਲਕਿ ਦੁਨੀਆਂ ਦੇ ਇਤਿਹਾਸ ਵਿਚ ਇਕ ਵਿਲਖਣ ਘਟਨਾ ਸੀ। ਇਸ ਵਿਸਾਖੀ ਦੇ ਮੌਕੇ ਤੇ ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ, ਖ਼ਾਲਸਾ ਪੰਥ ਦੀ ਸਾਜਨਾ ਕਰਕੇ, ਸਿੱਖ ਧਰਮ ਨੂੰ ਇਕ ਨਵਾਂ ਜਾਮਾ ਪਹਿਨਾਇਆ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਸਿੱਖਾਂ ਨੂੰ ਚਰਨ-ਅੰਮ੍ਰਿਤ/ਚਰਨ-ਪਾਹੁਲ ਨਾਲ ਸਿੱਖੀ ਦੀ ਦੀਖਿਆ ਦਿਤੀ ਜਾਂਦੀ। ਉਸ ਸਮੇਂ ਸਿੱਖ ਧਰਮ ਨੂੰ ਸਿੱਖ ਪੰਥ, ਨਿਰਮਲ ਪੰਥ ਅਤੇ ਗੁਰਮੁਖ ਪੰਥ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਸੀ। ਗੁਰਬਾਣੀ ਦੇ ਪਹਿਲੇ ਵਿਆਖਿਆਕਾਰ, ਭਾਈ ਗੁਰਦਾਸ ਜੀ ਨੇ ਇਕ ਗੁਰਸਿੱਖ ਦੇ ਹੇਠ ਲਿਖੇ ਲੱਛਣ ਦਸੇ ਹਨ।

> ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।
> ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
> ਗੋਲਾ ਮੁਲਿ ਖਰੀਦੁ ਕਾਰੇ ਜੋਵਣਾ।
> ਨਾ ਤਿਸ ਭੁਖ ਨ ਨੀਂਦ ਨਾ ਖਾਣਾ ਸੋਵਣਾ।
> ਪੀਹਣਿ ਹੋਇ ਜਦੀਦ ਪਾਣੀ ਢੋਵਣਾ।
> ਪਖੇ ਦੀ ਤਾਗੀਦ ਪਗ ਮਲਿ ਧੋਵਣਾ।
> ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।
> ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।
> ਚੰਦ ਮੁਮਾਰਖ ਈਦ ਪੁਰਾ ਖਲੋਵਣਾ।

ਸਿੱਖੀ ਦੇ ਮਾਰਗ ਨੂੰ ਔਖਾ ਪਰ ਅਮੋਲਕ ਦਸਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਸਿੱਖ ਪੰਥ ਦੇ ਅਧਿਕਾਰੀ ਹੋਣ ਲਈ ਫਰਮਾਇਆ ਹੈ —

> ਜਉ ਤਉ ਪ੍ਰੇਮ ਖੇਲਣ ਕਾ ਚਾਉ ॥
> ਸਿਰੁ ਧਰਿ ਤਲੀ ਗਲੀ ਮੇਰੀ ਆਉ ॥
> ਇਤੁ ਮਾਰਗਿ ਪੈਰੁ ਧਰੀਜੈ ॥
> ਸਿਰੁ ਦੀਜੈ ਕਾਣਿ ਨ ਕੀਜੈ ॥ ੨ ॥ *(ਪੰਨਾ ੧੪੧੨)*

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸੰਨ ੧੬੯੯ ਦੀ ਇਤਿਹਾਸਿਕ ਵਿਸਾਖੀ ਵਾਲੇ ਦਿਨ ਪੰਜ ਸਿੱਖਾਂ ਤੋਂ ਸੀਸ ਭੇਟ ਮੰਗੇ ਤਾਂ ਇਸੇ ਹੀ ਸਿਧਾਂਤ ਦੀ ਪੁਸ਼ਟੀ ਕੀਤੀ ਸੀ। ਪਹਿਲਾਂ ਪੰਜ ਪਿਆਰਿਆਂ ਨੂੰ ਖੰਡੇ-ਬਾਟੇ ਦੀ ਅੰਮ੍ਰਿਤ ਦੀ ਦਾਤ ਬਖਸ਼ ਕੇ, ਤੇ ਫੇਰ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਖੁਦ ਲੈ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ "ਆਪੇ ਗੁਰ ਚੇਲਾ" ਦੀ ਪਰੰਪਰਾ ਦੀ ਵੀ ਪੁਸ਼ਟੀ ਕੀਤੀ। ਖ਼ਾਲਸਾ ਪੰਥ ਸਾਜ ਕੇ ਖ਼ਾਲਸੇ ਨੂੰ ਆਪਣਾ ਸਰੂਪ ਦਿਤਾ, ਤੇ ਉਸ ਦੀ ਉਸਤਤਿ ਵਿਚ ਫੁਰਮਾਇਆ :

> ਖ਼ਾਲਸਾ ਮੇਰੋ ਰੂਪ ਹੈ ਖਾਸ। ਖ਼ਾਲਸੇ ਮਹਿ ਹਉਂ ਕਰਉ ਨਿਵਾਸ।
> ਖ਼ਾਲਸਾ ਮੇਰੋ ਮੁਖ ਹੈ ਅੰਗਾ। ਖ਼ਾਲਸੇ ਕੇ ਹਉਂ ਬਸਤ ਸਦ ਸੰਗਾ।
> ਖ਼ਾਲਸਾ ਮੇਰੋ ਇਸ਼ਟ ਸੁਹਿਰਦ। ਖ਼ਾਲਸਾ ਮੇਰੋ ਕਹਿਯਤ ਬਿਰਦ।
> ਖਾਲਸਾ ਮੇਰੋ ਪੱਛ ਅਰੁ ਪਾਦ। ਖ਼ਾਲਸਾ ਮੇਰੋ ਸੁਖ ਅਹਿਲਾਦ।
> ਖ਼ਾਲਸਾ ਮੇਰੋ ਮਿਤ੍ਰ ਸਖਾਈ। ਖ਼ਾਲਸਾ ਮਾਤ ਪਿਤਾ ਸੁਖਦਾਈ।
> ਖ਼ਾਲਸਾ ਮੇਰੀ ਸੋਭਾ ਸੀਲ। ਖ਼ਾਲਸਾ ਬੰਧੁ ਸਖਾ ਸਦ ਡੀਲ।
> ਖ਼ਾਲਸਾ ਮੇਰੋ ਜਤ ਅਰ ਧਤ। ਖਾਲਸਾ ਸੋ ਮਾ ਕਉ ਉਤਪਤਿ।
> ਖ਼ਾਲਸਾ ਮੇਰੋ ਭਵਨ ਭੰਡਾਰ। ਖਾਲਸਹਿ ਕਰਿ ਮੇਰੋ ਸਤਕਾਰ।
> ਖ਼ਾਲਸਾ ਮੇਰੋ ਸਜਨ ਪਰਵਾਰ। ਖ਼ਾਲਸਾ ਮੇਰੋ ਕਰਤ ਉਧਾਰ।
> ਖ਼ਾਲਸਾ ਮੇਰੋ ਪਿੰਡ ਪ੍ਰਾਨ। ਖ਼ਾਲਸਾ ਮੇਰੀ ਜਾਨ ਕੀ ਜਾਨ।
> ਖ਼ਾਲਸਾ ਮੇਰੋ ਧਰਮ ਅਰੁ ਕਰਮ। ਖ਼ਾਲਸਾ ਮੇਰੋ ਭੇਦ ਨਿਜ ਧਰਮ।
> ਖ਼ਾਲਸਾ ਮੇਰੋ ਸਤਿਗੁਰ ਪੂਰਾ। ਖ਼ਾਲਸਾ ਮੇਰੋ ਸਜਨ ਸੂਰਾ।
> ਖ਼ਾਲਸਾ ਮੇਰੋ ਬੁਧਿ ਗਯਾਨ। ਖ਼ਾਲਸੇ ਕਾ ਹਉ ਧਰਉਂ ਧਯਾਨ।
> ਉਪਮਾ ਖਾਲਸਹਿ ਜਾਤ ਨ ਕਹੀ। ਜਿਹਵਾ ਏਕ ਪਾਰ ਨਹਿ ਲਹੀ।
> ....
> ਖ਼ਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਯੋ ਖ਼ਾਲਸਾ ਪ੍ਰਮਾਤਮ ਕੀ ਮੌਜ।

ਦੁਨੀਆਂ ਦੇ ਇਤਿਹਾਸ ਵਿਚ ਕਿਸੇ ਵੀ ਧਰਮ ਦੇ ਪੈਗੰਬਰ ਜਾਂ ਗੁਰੂ ਨੇ ਆਪਣੇ ਸ਼ਿਸ਼ਾਂ ਨੂੰ ਇਤਨਾ ਮਾਣ ਸਤਿਕਾਰ ਨਹੀਂ ਬਖਸ਼ਿਆ, ਜਿਤਨਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖ਼ਾਲਸਾ ਪੰਥ ਦੇ ਅਨੁਯਾਈਆਂ ਨੂੰ ਬਖਸ਼ਿਆ ਹੈ। ਆਪਣੀ ਇਸ ਅਕਾਲ ਪੁਰਖ ਦੀ ਫੌਜ ਨੂੰ, ਅਕਾਲ ਪੁਰਖ ਦੇ ਦਿਤੇ ਸਰੂਪ: **"ਸਾਬਤ ਸੂਰਤਿ ਦਸਤਾਰ ਸਿਰਾ"** ਵਿਚ ਢਾਲ ਕੇ, ਦੁਨੀਆਂ ਦੀਆਂ ਸਾਰੀਆਂ ਕੌਮਾਂ ਨਾਲੋਂ ਇਕ ਵਿਲਖਣ ਸਰੂਪ ਦਿਤਾ। ਇਸ ਵਿਲੱਖਣ ਸਰੂਪ ਦੀ ਪ੍ਰਸ਼ੰਸਾ ਦੱਖਣੀ ਅਫਰੀਕਾ ਦੇ ਇਕ ਦਾਰਸ਼ਨਿਕ, ਸ਼ੇਖ ਅਹਿਮਦ ਦੀਦਾਤ ਨੇ ਇਸ ਤਰ੍ਹਾਂ ਕੀਤੀ ਹੈ:

"The turbaned Sikh looks like a lion... the rest of us look like sheeps, afraid to be identified."

ਖ਼ਾਲਸਾ ਪੰਥ ਦੀ ਸਿਰਜਨਾ ਕਰਕੇ ਖ਼ਾਲਸੇ ਨੂੰ ਇਕ ਵਿਲੱਖਣ ਸਰੂਪ ਹੀ ਨਹੀਂ ਦਿਤਾ, ਬਲਕਿ ਉਸ ਨੂੰ ਤਨ ਤੇ ਮਨ ਦੀ ਵਿਲੱਖਣ ਰਹਿਤ ਵੀ ਦਿਤੀ, ਜੋ ਕਿ ਸਮਕਾਲੀ ਤੇ ਪੁਰਾਤਨ ਲਿਖਤਾਂ ਵਿਚ ਇਸ ਤਰ੍ਹਾਂ ਸ਼ਾਮਿਲ ਹੈ —

ਤਨ ਦੀ ਪੰਜ ਕਕਾਰੀ ਰਹਿਤ : ਸਿੱਖ ਇਤਿਹਾਸਿਕ ਗ੍ਰੰਥਾਂ ਵਿਚ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਮ੍ਰਿਤ ਪਾਨ ਕਰਕੇ ਅਧਿਕਾਰੀ ਹੋਣ ਨੂੰ "ਪੁਨਰ ਜਨਮ" ਲਿਖਿਆ ਹੈ।

> "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ।"

ਇਸ ਪੁਨਰ ਜਨਮ ਤੋਂ ਬਾਅਦ ਅਧਿਕਾਰੀ ਆਪਣੇ ਅੰਦਰ ਇਕ ਅਧਿਆਤਮਕ ਤੇ ਰੂਹਾਨੀ ਲੋਅ ਨੂੰ ਮਹਿਸੂਸ ਕਰਦਾ ਹੈ।

ਅਧਿਕਾਰੀ ਦੁਨੀਆਂ ਲਈ ਮਰ ਕੇ, ਸਤਿਗੁਰ ਦੇ ਘਰ ਦੁਬਾਰਾ ਜਨਮ ਲੈਂਦਾ ਹੈ ਤੇ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਰਸਾਏ ਧਾਰਮਿਕ ਨਿਯਮਾਂ ਅਨੁਸਾਰ ਤਨ ਦੀ ਪੰਜ ਕਕਾਰੀ ਰਹਿਤ ਰੱਖਣ ਦਾ ਆਦੇਸ਼ ਦਿਤਾ ਜਾਂਦਾ ਹੈ। ਇਹ ਪੰਜ ਕਕਾਰ ਹਨ: ਕੇਸ, ਕੰਘਾ, ਕੜਾ, ਕਛਹਿਰਾ ਤੇ ਕਿਰਪਾਨ। ਇਨ੍ਹਾਂ ਪੰਜਾਂ ਕਕਾਰਾਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਾਂ ਨੂੰ ਸਭ ਤੋਂ ਮਹੱਤਵਪੂਰਨ ਦਸਿਆ ਹੈ:

ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ਿ ਕਾਫ਼।
ਹਰਗਿਜ਼ ਨ ਬਾਸ਼ਦ ਈ ਪੰਜ ਮੁਆਫ਼।
ਕੜਾ, ਕਾਰਦੋ, ਕਛ, ਕੰਘਾ, ਬਿਦਾਂ।
ਬਿਲਾ ਕੇਸ ਹੇਚ ਅਸਤ, ਜੁਮਲਾ ਨਿਸ਼ਾਂ।

ਅਰਥਾਤ ਖ਼ਾਲਸੇ ਲਈ ਇਨ੍ਹਾਂ ਪੰਜ ਕਕਾਰਾਂ ਦਾ ਧਾਰਨੀ ਹੋਣਾ ਉਸ ਦਾ ਧਰਮ ਹੈ, ਤੇ ਇਹਨਾਂ ਤੋਂ ਬੇਮੁਖ ਹੋਣਾ ਕਦੇ ਵੀ ਮੁਆਫ ਨਹੀਂ ਕੀਤਾ ਜਾਏਗਾ। ਪਰ ਇਹ ਵੀ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਕੇਸਾਂ ਦੇ ਧਾਰਨੀ ਹੋਣ ਤੋਂ ਬਿਨਾਂ ਬਾਕੀ ਸਾਰੇ ਨਿਸ਼ਾਨ (ਕਕਾਰ) ਬੇਅਰਥ ਸਮਝੇ ਜਾਣਗੇ। ਸੋ ਇਹ ਪੰਜ ਕਕਾਰ ਗੁਰੂ ਸਾਹਿਬਾਨ ਵਲੋਂ ਸਿੱਖ ਪੰਥ ਨੂੰ ਸਨਮਾਨ ਚਿੰਨ ਤੇ ਨਿਸ਼ਾਨੀਆਂ ਦੇ ਰੂਪ ਵਿਚ ਦਿਤੇ ਗਏ, ਤੇ ਇਹਨਾਂ ਦੀ ਸੰਭਾਲ ਹਰੇਕ ਸਿੰਘ ਦਾ ਪਹਿਲਾ ਫਰਜ਼ ਹੈ। ਇਹਨਾਂ ਤੋਂ ਬੇਮੁਖ ਹੋ ਕੇ ਕੋਈ ਵੀ ਸਿੱਖ ਗੁਰਮੁਖ ਨਹੀਂ ਹੋ ਸਕਦਾ।

ਮਨ ਦੀ ਰਹਿਤ: ਸਿੱਖ ਧਰਮ ਦੀ ਵਿਲੱਖਣਤਾ ਤੇ ਮਹਾਨਤਾ ਇਸ ਗਲ ਤੇ ਵੀ ਕਾਇਮ ਹੋਈ ਕਿ ਜਿਥੇ ਸਾਰੀ ਦੁਨੀਆਂ ਦੇ ਧਰਮ ਸੱਚ ਤੇ ਜ਼ੋਰ ਦਿੰਦੇ ਹਨ, ਉਥੇ ਸਿੱਖ ਗੁਰੂਆਂ ਨੇ ਸੱਚੀ ਜ਼ਿੰਦਗੀ ਜਿਊਣ ਲਈ ਜ਼ੋਰ ਦਿਤਾ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

'ਸਚੁ-ਆਚਾਰੁ' ਦੀ ਸਿਖਰਲੀ ਪਉੜੀ 'ਨਾਮ-ਸਿਮਰਨ' ਹੈ। ਮਨ ਦੀ ਪਵਿਤਰਤਾ ਦਾ ਇਹ ਹੀ ਇਕੋ ਕਾਰਗਰ ਸਾਧਨ ਹੈ। 'ਜਪੁ ਜੀ' ਸਾਹਿਬ ਵਿਚ ਸਤਿਗੁਰੂ ਦਾ ਫੁਰਮਾਨ ਹੈ:

ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

ਤਨ ਨੂੰ ਅਸੀਂ ਇਸ਼ਨਾਨ ਕਰਕੇ ਸਾਫ ਕਰਦੇ ਹਾਂ, ਪਰ ਮਨ ਦੀ ਮੈਲ ਤੇ ਆਤਮਾ ਦੀ ਸ਼ੁਧੀ ਪ੍ਰਭੂ ਦਾ ਨਾਮ ਜਪਣ ਨਾਲ ਹੀ ਹੋ ਸਕਦੀ ਹੈ। ਇਸ ਲਈ ਹਰੇਕ ਸਿੱਖ ਲਈ ਸਤਿਗੁਰਾਂ ਨੇ ਰੱਬੀ ਬਾਣੀਆਂ ਦਾ ਨਿਤਨੇਮ ਕਰਨ ਦੀ ਰਹਿਤ ਸ਼ੁਰੂ ਕੀਤੀ ਸੀ।

ਇਹ ਤਨ (ਪੰਜ ਕਕਾਰੀ) ਤੇ ਮਨ ਦੀ ਰਹਿਤ ਹਰੇਕ ਅੰਮ੍ਰਿਤਧਾਰੀ ਸਿੱਖ ਲਈ ਗੁਰੂ ਦਾ ਹੁਕਮ ਹੈ, ਅਤੇ ਇਸ ਹੁਕਮ ਦੀ ਅਵਗਿਆ ਕਰਨ ਵਾਲਾ ਸਿੱਖ, ਗੁਰਮੁਖ ਅਖਵਾਉਣ ਦਾ ਅਧਿਕਾਰੀ ਨਹੀਂ ਰਹਿ ਜਾਂਦਾ। ਇਸ ਸੰਬੰਧ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ:

ਰਹਿਤ ਪਿਆਰੀ ਮੋ ਕੋ ਸਿਖ ਪਿਆਰਾ ਨਾਹਿ।
... ...
ਰਹਿਣੀ ਰਹੈ ਸੋਈ ਸਿਖ ਮੇਰਾ।
ਵਹ ਠਾਕੁਰ ਮੈਂ ਉਸ ਕਾ ਚੇਰਾ।
ਰਹਤ ਰਹਤ ਰਹਿ ਜਾਇ ਬਿਕਾਰਾ।
ਰਹਤ ਧਰਮ ਸਿੰਘਨ ਕੋ ਸਾਰਾ।
ਰਹਤ ਬਿਨ ਸਦਗਤਿ ਨਹਿ ਹੋਈ।
ਰਹਤ ਬਿਨਾ ਭਲ ਕਹੈ ਨ ਕੋਈ।
ਰਹਤ ਬਿਨਾ ਨਹਿ ਸਿੰਘ ਕਹਾਵੈ।
ਰਹਤ ਬਿਨਾ ਦਰ ਚੋਟਾਂ ਖਾਵੈ।
ਰਹਤ ਬਿਨਾ ਜਗ ਮੋ ਭਰਮਾਈ।
ਰਹਤ ਬਿਨਾ ਨਰ ਨਰਕੇ ਜਾਈ।
ਰਹਤ ਬਿਨਾ ਤਨਖਾਹੀ ਜਾਨੋਂ।
ਰਹਤ ਬਿਨਾ ਜੜ੍ਹ ਭੂਤ ਭਖਾਨੋ।
ਰਹਤ ਬਿਨਾ ਸੁਖ ਕਬਹੂ ਨ ਲਹੈ।
ਤਾ ਤੇ ਰਹਤ ਸੁ ਦ੍ਰਿੜ੍ਹ ਕਰ ਗਹੈ।
ਰਹਿਤ ਰਹਤ ਸਮ ਸਿਖ ਜੋ, ਸੋ ਮੋਰੋ ਰੂਪਾਇ।
ਵਾ ਮੈਂ ਮੋ ਮੈਂ ਭੇਦ ਨਹਿ, ਮਮ ਸਰੂਪ ਹੁਇ ਜਾਇ।

ਇਹਨਾਂ ਇਤਿਹਾਸਿਕ ਆਦੇਸ਼ਾਂ ਤੋਂ ਸਪੱਸ਼ਟ ਹੈ ਕਿ ਜੋ ਗੁਰੂ ਵਲੋਂ ਦਿੱਤੀਆਂ ਬਖਸ਼ੀਸ਼ਾਂ ਦਾ ਧਾਰਨੀ ਨਹੀਂ ਹੋਵੇਗਾ, ਜਾਂ ਉਹਨਾਂ ਨੂੰ ਧਾਰਨ ਕਰਕੇ ਤਿਲਾਂਜਲੀ ਦੇਵੇਗਾ, ਉਹ ਗੁਰੂ ਦੀ ਹੁਕਮ-ਅਦੂਲੀ ਕਰੇਗਾ, ਤੇ ਇਹੋ ਜਿਹੇ ਹੁਕਮ-ਅਦੂਲ ਨਿਸਚੈ ਹੀ ਆਪਣਾ ਨਾਤਾ ਖ਼ਾਲਸਾ ਪੰਥ ਤੋਂ ਤੋੜ ਲੈਣਗੇ।

ਚਾਰ ਕੁਰਹਿਤਾਂ : ਸਭ ਪੁਰਾਣੇ ਰਹਿਤਨਾਮਿਆਂ ਤੇ ਸਿੱਖ ਰਹਿਤ ਮਰਯਾਦਾ ਵਿਚ ਹੇਠ ਲਿਖੀਆਂ ਚਾਰ ਕੁਰਹਿਤਾਂ ਦਾ ਵਰਨਣ ਹੈ, ਜਿਨ੍ਹਾਂ ਕਾਰਨ ਇਕ ਅੰਮ੍ਰਿਤਧਾਰੀ ਸਿੱਖ, ਪਤਿਤ ਹੋ ਜਾਂਦਾ ਹੈ —

੧. ਕੇਸਾਂ (ਰੋਮਾਂ) ਦਾ ਕਤਲ ਕਰਨਾ ਅਥਵਾ ਬੇਅਦਬੀ ਕਰਨੀ।
੨. ਤੰਬਾਕੂ ਦਾ ਸੇਵਨ ਕਰਨਾ।
੩. ਕੁੱਠਾ ਮਾਸ ਖਾਣਾ।
੪. ਪਰਾਈ ਇਸਤ੍ਰੀ ਜਾਂ ਪਰਾਏ ਪੁਰਸ਼ ਦਾ ਸੰਗ ਕਰਨਾ।

ਸਿੱਖ ਇਤਿਹਾਸ ਗਵਾਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਕਿਸੇ ਵੀ ਸਿੱਖ ਦੇ ਪਤਿਤ ਹੋਣ ਦੀ ਮਿਸਾਲ ਨਹੀਂ ਮਿਲਦੀ।

ਰਹਿਤਵਾਨ ਤੇ ਸਿਦਕੀ ਸਿੱਖਾਂ ਦੀਆਂ ਮਿਸਾਲਾਂ ਨਾਲ, ਸਿੱਖ ਇਤਿਹਾਸ ਦੇ ਸੁਨਹਿਰੀ ਪੰਨੇ ਲਿਖੇ ਗਏ। ਇਹਨਾਂ ਰਹਿਤਵਾਨ ਤੇ ਸਿਦਕੀ ਸਿੱਖਾਂ ਦੀ ਮਿਸਾਲ ਹਰੇਕ ਸਿੱਖ ਨੂੰ ਰੋਜ਼ਾਨਾ ਅਰਦਾਸ ਵਿਚ ਦ੍ਰਿੜਾਈ ਜਾਂਦੀ ਹੈ। ਅਰਦਾਸ ਵਿਚ ਰੋਜ਼ਾਨਾ ਸਿੱਖ, ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਸ਼ਹੀਦਾਂ ਤੇ ਸਿਦਕਵਾਨ ਸਿੱਖਾਂ ਨੂੰ ਯਾਦ ਕਰਕੇ ਅਕਾਲ ਪੁਰਖ ਪਰਮਾਤਮਾ ਤੋਂ ਨਾਮ ਦਾਨ, ਕੇਸ ਦਾਨ, ਬਿਬੇਕ ਦਾਨ, ਸਿੱਖੀ ਦਾਨ ਆਦਿ ਦੀ ਵੀ ਮੰਗ ਕਰਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਦੇ ਮਾਸੂਮ ਸਪੁਤਰ ਦੀ ਸ਼ਹੀਦੀ ਦਾ ਵਰਨਣ, ਮਹਾਂਕਵੀ ਰਾਬਿੰਦਰ ਨਾਥ ਟੈਗੋਰ ਨੇ ਸਿੱਖੀ ਸਿਧਾਤਾਂ ਨੂੰ ਉਭਾਰ ਕੇ ਇਸ ਤਰ੍ਹਾਂ ਕੀਤਾ ਹੈ:

ਬੰਦੇ ਦੀ ਗੋਦੀ ਕਾਜ਼ੀ ਨੇ ਦਿੱਤਾ ਉਸ ਦਾ ਬਾਲ
ਆਖਿਆ ਆਪਣੇ ਹੱਥੀਂ ਕੱਢੋ ਇਸ ਦੀ ਜਾਨ।
ਕਿਸ਼ੋਰ ਅਵਸਥਾ ਹੱਥ ਪੈਰ ਬੱਧੇ।
ਨਿਕਾ ਜਿਹਾ ਲਾਲ ਸੁਟਿਆ ਬੰਦੇ ਦੇ ਅੱਗੇ।
... ...
ਇਕ ਵਾਰ ਚੁੰਮਿਆ ਪੁੱਤਰ ਦਾ ਸੁਰਖ਼ ਚਿਹਰਾ।
ਉਲਰੀ ਕਟਾਰ ਬੱਚੇ ਦੀ ਜਾਨ ਲੈਣ ਲਈ,
ਬੱਚੇ ਦੇ ਕੰਨ ਵਿਚ ਬੰਦੇ ਨੇ ਆਖਿਆ,
ਡਰਨ ਦੀ ਲੋੜ ਨਹੀਂ, ਆਖ ਮੇਰੇ ਪੁਤਰ,
ਜੈ ਗੁਰੂ ਦੀ; ਫ਼ਤਹ ਗੁਰੂ ਜੀ ਦੀ।
... ...
ਨਵ-ਲਾਲੀਆਂ ਚੜ੍ਹੀਆਂ ਚਿਹਰੇ ਬਾਲਕ ਦੇ ਉਤੇ,
ਨਿਰਭੈਤਾ ਦੀ ਉੱਚੀ ਅਜਬ ਜੁਆਲਾ।
ਨਿਕੀ ਜਿਹੀ ਜਿੰਦ ਵਿਚੋਂ ਭੜਕਿਆ ਜੋਸ਼ ਅਥਾਹ,
ਕਿਸ਼ੋਰ ਕੰਠ ਚੋਂ ਥਰਾਂਦੀ ਨਿਕਲੀ,
ਤਿਖੀ ਸ਼ੇਰ ਬਾਲ ਦੀ ਅਵਾਜ਼।
ਬੀਰ ਬਹਾਦਰ ਪਿਤਾ ਵਲ ਤਕ ਕੇ
ਗਰਜੀ ਬੱਚੇ ਦੀ ਪੁਕਾਰ:
ਵਾਹਿਗੁਰੂ ਜੀ ਕੀ ਫ਼ਤਹਿ
ਦੁਖ ਭੈ ਮੇਰੇ ਸਭੇ ਲੱਥੇ।
... ...
ਸੱਜੇ ਹੱਥ ਨਾਲ ਦਿੱਤਾ ਬੰਦੇ ਨੇ ਪਿਆਰ,
ਖੱਬਿਓਂ ਵਗੀ ਕਟਾਰ।
ਜੈ ਗੁਰੂ ਜੀ ਦੀ, ਫ਼ਤਹ ਗੁਰੂ ਜੀ ਦੀ।
ਬਾਲਕ ਦੀ ਨਿਕਲੀ ਆਖਰ ਲਲਕਾਰ
ਧਰਤੀ ਤੇ ਡਿਗਿਆ ਪ੍ਰਾਣ ਤਿਆਗ।

ਮਹਾਰਾਜ਼ਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਸਥਾਪਨਾ ਨਾਲ ਹੀ ਰਾਜਨੀਤਿਕ ਮੌਕਾ ਪਰਸਤਾਂ ਦਾ ਦੌਰ ਸ਼ੁਰੂ ਹੋ ਗਿਆ। ਜੰਮੂ ਦੇ ਡੋਗਰੇ-ਸਰਦਾਰਾਂ ਨੇ ਸਿੱਖੀ ਸਰੂਪ ਧਰਮ ਨੂੰ ਅਪਣਾਉਣ ਲਈ ਨਹੀਂ ਬਲਕਿ ਮਹਾਰਾਜਾ ਰਣਜੀਤ ਸਿੰਘ ਨੂੰ ਖ਼ੁਸ਼ ਕਰਨ ਲਈ ਧਾਰਿਆ ਤੇ ਇਹੀ ਡੋਗਰੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਪਤਨ ਦਾ ਕਾਰਨ ਵੀ ਬਣੇ। ਇਸ ਨਾਲ ਭੇਖ ਦੀ ਸਿੱਖੀ ਦਾ ਦੌਰ ਸ਼ੁਰੂ ਹੋਇਆ। ਇਸ ਨੂੰ ਵਕਤ ਵਕਤ ਦੀਆਂ ਸਰਕਾਰਾਂ ਨੇ ਸਿੱਖੀ ਨੂੰ ਢਾਹ ਲਾਉਣ ਲਈ ਨਿਰੰਕਾਰੀਆਂ ਵਰਗੀਆਂ ਸੰਸਥਾਵਾਂ ਨੂੰ ਉਤਸ਼ਾਹਿਤ ਕੀਤਾ। ਪਿਛਲੇ ਪੰਜਾਹ ਸਾਲਾਂ ਵਿਚ ਸਿੱਖ ਸੰਸਥਾਵਾਂ, ਸਿੱਖ ਜਥੇਬੰਦੀਆਂ ਤੇ ਸਿੱਖ ਨੇਤਾ, ਆਪਣੇ ਆਪ ਨੂੰ ਰਾਜਨੀਤਿਕ ਤੌਰ ਤੇ ਉਭਾਰਨ ਲਈ ਇਤਨੇ ਮਗਨ ਹੋ ਗਏ ਕਿ ਪਤਿਤਪੁਣਾ ਇਕ 'ਸਮਸਿਆ' ਤੋਂ 'ਰੋਗ' ਬਣ ਗਿਆ ਹੈ, ਤੇ ਜੇ ਇਸ ਰੋਗ ਵਲ ਅਜ ਵੀ ਧਿਆਨ ਨਾ ਦਿਤਾ ਗਿਆ ਤਾਂ ੧੯੯੯ ਦੀ ਵਿਸਾਖੀ ਲਈ ਮਿਥਿਆ "ਸਮੁੱਚੀ ਕੌਮ ਅੰਮ੍ਰਿਤਧਾਰੀ" ਵਾਲਾ ਟੀਚਾ ਪ੍ਰਾਪਤ ਨਹੀਂ ਕੀਤਾ ਜਾ ਸਕੇਗਾ। ਅੱਜ ਪੰਥ ਦੇ ਦਰਦੀਆਂ ਨੂੰ ਜਾਗ ਕੇ ਤੇ ਮੈਦਾਨ ਵਿਚ ਉਤਰਕੇ ਪਤਿਤਪੁਣੇ ਲਈ ਜ਼ਿਮੇਵਾਰ ਤਾਕਤਾਂ ਵਿਰੁਧ ਇਕ ਸ਼ਾਂਤਮਈ ਜੰਗ ਲੜਨ ਦੀ ਜ਼ਰੂਰਤ ਹੈ। ਇਹ ਜੰਗ ਸਾਡੀਆਂ ਸੰਸਥਾਵਾਂ ਵਿਚ ਸੁਧਾਰ ਲਿਆਉਣ ਲਈ ਤੇ ਪੁਰਾਤਨ ਧਾਰਮਿਕ/ ਇਤਿਹਾਸਕ ਪ੍ਰੰਪਰਾਵਾਂ ਨੂੰ ਮੁੜ ਸੁਰਜੀਤ ਕਰਨ ਲਈ ਵੀ ਲੜਨੀ ਪਵੇਗੀ।

ਗੁਰਦੁਆਰਾ ਸੁਧਾਰ ਲਹਿਰ: ੧੯੨੫ ਦੇ ਗੁਰਦੁਆਰਾ ਐਕਟ ਬਣਨ ਨਾਲ ਸਾਡੇ ਧਾਰਮਿਕ ਅਦਾਰੇ, ਗੁਰਦੁਆਰੇ ਭ੍ਰਿਸ਼ਟਾਚਾਰੀ ਮਹੰਤਾਂ ਤੋਂ ਆਜ਼ਾਦ ਹੋ ਗਏ, ਪਰ ਸਿੱਖ ਧਰਮ ਵਿਚ ਰਾਜਨੀਤਿਕ ਚੋਣ ਪਰਕ੍ਰਿਆ ਸ਼ੁਰੂ ਕਰਕੇ ਇਕ ਨਵੀਂ ਬੀਮਾਰੀ ਨੂੰ ਜਨਮ ਦਿਤਾ ਗਿਆ ਹੈ। ਅੱਜ ਇਹ ਚੋਣ-ਪ੍ਰਣਾਲੀ ਇਤਨੀ ਭ੍ਰਿਸ਼ਟ ਹੋ ਚੁਕੀ ਹੈ ਕਿ ਗੁਰਦੁਆਰਿਆਂ ਤੇ 'ਕਬਜ਼ੇ' ਨੂੰ 'ਸੇਵਾ' ਦਾ ਨਾਮ ਦਿਤਾ ਜਾ ਰਿਹਾ ਹੈ। ਸਾਡੇ ਨੇਤਾ ਨੋਟਾਂ ਦੀ ਖਾਤਰ ਸਿੱਖ ਰਹਿਤ ਮਰਯਾਦਾ, ਸਿੱਖੀ ਅਸੂਲਾਂ ਤੇ ਸਿੱਖੀ ਦੇ ਪ੍ਰਚਾਰ ਨਾਲ ਲਗਾਤਾਰ ਸਮਝੌਤਾ ਕਰਦੇ ਆ ਰਹੇ ਹਨ, ਜਿਸ ਦੇ ਫਲਸਰੂਪ ਸਿੱਖ ਰਹਿਤ ਮਰਯਾਦਾ ਦੇ ਕਈ ਸਰੂਪ ਦੇਖਣ ਨੂੰ ਮਿਲ ਰਹੇ ਹਨ। ਸਾਡੇ ਨੇਤਾ ਗੁਰਦੁਆਰਾ ਕਮੇਟੀਆਂ ਵਿਚ ਚੋਣ ਜਿੱਤਣ ਲਈ ਕਈ ਕਈ ਦਿਨ ਸਿਰ ਤੋੜ ਮਿਹਨਤ ਕਰਦੇ ਦੇਖੇ ਗਏ ਹਨ। ਉਹਨਾਂ ਨੂੰ ਲੋਕਾਂ ਦੇ ਘਰਾਂ ਵਿਚ ਜਾ ਕੇ ਜਾਤੀ ਤੌਰ ਤੇ ਪੰਥ ਦੇ ਨਾਮ ਤੇ ਵੋਟਾਂ ਮੰਗਦੇ ਦੇਖਿਆ ਗਿਆ ਹੈ। ਪਰ ਕਿਸੇ ਨੇਤਾ ਨੂੰ ਇਸ ਚੋਣ ਮੁਹਿੰਮ ਦੇ ਦੌਰਾਨ ਜਾਂ ਚੋਣ ਜਿੱਤਣ ਤੋਂ ਬਾਅਦ ਇਹੋ ਜਿਹੀ ਅਣਥੱਕ ਮਿਹਨਤ, ਅੰਮ੍ਰਿਤ ਪ੍ਰਚਾਰ ਕਰਨ ਲਈ ਕਰਦੇ ਨਹੀਂ ਦੇਖਿਆ ਗਿਆ। ਇਸ ਤੋਂ ਇਹ ਸਪੱਸ਼ਟ ਹੈ 'ਪੰਥਕ ਹਿਤ ਵਾਸਤੇ ਇਹ ਵੋਟਾਂ ਪ੍ਰਾਪਤ ਕਰਨ ਲਈ' ਇਤਨੀ ਅਣਥਕ ਮਿਹਨਤ ਨਹੀਂ ਕਰਦੇ, ਬਲਕਿ ਆਪਣੇ ਆਪ ਲਈ ਇਕ ਸਮਾਜਿਕ ਰੁਤਬਾ ਬਣਾਉਣ ਲਈ, ਤੇ ਆਪਣਾ

ਰਾਜਨੀਤਕ ਭਵਿੱਖ ਬਣਾਉਣ ਲਈ ਇਹ ਸਾਰਾ ਅਡੰਬਰ ਰਚਦੇ ਹਨ। ਇਸ ਚੋਣ-ਪਰਕ੍ਰਿਆ ਰਾਹੀਂ ਧਰਮੀ ਬੰਦੇ ਨਾਮ ਮਾਤਰ ਹੀ ਗੁਰਦੁਆਰਾ ਕਮੇਟੀਆਂ ਵਿਚ ਆਉਂਦੇ ਹਨ, ਤੇ ਜ਼ਿਆਦਾ ਤਰ ਲੋਕ ਰਾਜਨੀਤਿਕ ਪ੍ਰਭਾਵ ਵਧਾਉਣ ਵਾਲੇ ਹੀ ਹੁੰਦੇ ਹਨ। ਇਸ ਲਈ ਸਮੇਂ ਦੀ ਮੰਗ ਹੈ ਕਿ ਸਿੱਖ ਫਲਸਫੇ ਅਨੁਸਾਰ "ਪੰਚ ਪਰਵਾਣ ਪੰਚ ਪਰਧਾਨੁ" ਦੀ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਦਾ ਉਪਰਾਲਾ ਕੀਤਾ ਜਾਵੇ ਜੋ ਕਿ ਖ਼ਾਲਸਾ ਪੰਥ ਦੀ ਪਰਫੁਲਤਾ ਵਿਚ ਸਹਾਈ ਹੋਵੇਗਾ। ਇਸੇ ਤਰ੍ਹਾਂ ਗੁਰਦੁਆਰਾ ਪ੍ਰਬੰਧ ਵੀ ਰਾਜਨੀਤਿਕ ਵਿਅਕਤੀਆਂ ਤੇ ਸਰਮਾਏਦਾਰਾਂ ਤੋਂ ਲੈ ਕੇ ਪੰਥ ਦੇ ਰਹਿਤਵਾਨ, ਸਿਦਕੀ ਤੇ ਧਰਮੀ ਸਿੱਖਾਂ ਦੇ ਹੱਥ ਵਿਚ ਦੇਣ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ ਧਰਮੀ, ਗਿਆਨਵਾਨ ਤੇ ਰਹਿਤਵਾਨ ਸਿੱਖਾਂ ਨੂੰ ਪ੍ਰਚਾਰਕ ਬਣਾ ਕੇ, ਹਰੇਕ ਸੂਬੇ ਤੇ ਕਸਬੇ ਵਿਚ ਭੇਜੇ ਜਾਣ ਦੀ ਲੋੜ ਹੈ। ਹਰੇਕ ਗੁਰਦੁਆਰੇ ਤੇ ਹਰੇਕ ਸਿੰਘ ਸਭਾ ਕੋਲ ਇਹੋ ਜਿਹੇ ਪ੍ਰਚਾਰਕਾਂ ਨੂੰ ਭੇਜੇ ਜਾਣ ਦੀ ਲੋੜ ਹੈ। ਕੀਰਤਨ ਤੇ ਕਥਾ ਦੀ ਪ੍ਰਣਾਲੀ ਸਿੱਖੀ ਦੇ ਪ੍ਰਚਾਰ ਦੀ ਸਭ ਤੋਂ ਪੁਰਾਤਨ ਤੇ ਬੇਹਤਰੀਨ ਪ੍ਰਣਾਲੀ ਹੈ, ਪਰ ਵਧੀਆ ਕਥਾਕਾਰ ਤੇ ਕੀਰਤਨੀਏ ਉਂਗਲਾਂ ਤੇ ਗਿਣੇ ਜਾਣ ਜੋਗੇ ਹੀ ਹਨ। ਇਸ ਕਾਰਨ ਅੱਜ ਸੰਗਤ ਗੁਰਦੁਆਰਿਆਂ ਨਾਲੋਂ ਟੁਟਦੀ ਜਾ ਰਹੀ ਹੈ। ਰਾਗੀ ਜਾਂ ਕੀਰਤਨੀਆ ਸੰਗਤ ਤੇ ਗੁਰੂ ਸ਼ਬਦ ਵਿਚ ਇਕ ਪੁਲ ਹੈ। ਅਗਰ ਰਾਗੀ ਦੀ ਆਵਾਜ਼ ਵਿਚ ਕਸ਼ਿਸ਼ ਹੈ ਤਾਂ ਸੰਗਤ ਜੁੜ ਜਾਂਦੀ ਹੈ, ਤੇ ਗੁਰੂ ਸ਼ਬਦ ਵਿਚ ਅੰਤਰ ਧਿਆਨ ਹੋ ਜਾਂਦੀ ਹੈ। ਪਰ ਅੱਜ ਰਾਗੀ ਜਦੋਂ "ਮਨ ਡੋਲੇ, ਤਨ ਡੋਲੇ" ਦੀ ਫਿਲਮੀ ਤਰਜ਼ ਤੇ ਗੁਰਬਾਣੀ ਦਾ ਗਾਇਨ ਕਰੇਗਾ ਤਾਂ ਸੰਗਤ ਦਾ ਮਨ ਕਿਵੇਂ ਅਡੋਲ ਹੋ ਕੇ ਗੁਰੂ ਸ਼ਬਦ ਨਾਲ ਜੁੜੇਗਾ? ਸੋ ਸਾਨੂੰ ਅਜਿਹੇ ਰਾਗੀ ਜਥੇ ਨਿਯੁਕਤ ਕਰਨੇ ਚਾਹੀਦੇ ਹਨ ਜਿਹੜੇ ਗੁਰਸਿੱਖੀ ਜੀਵਨ ਦੇ ਧਾਰਨੀ, ਸੰਤੋਖੀ ਅਤੇ ਧਰਮ ਪ੍ਰਚਾਰ ਦੀ ਲਗਨ ਵਾਲੇ ਹੋਣ।

ਪਿਛਲੇ ਪੰਜਾਹ ਸਾਲਾਂ ਵਿਚ ਅਸੀਂ ਬੜੀ ਭਾਰੀ ਗਿਣਤੀ ਵਿਚ ਗੁਰਦੁਆਰੇ ਬਣਾ ਲਏ ਹਨ। ਫੇਰ ਇਹਨਾਂ ਗੁਰਦੁਆਰਿਆਂ ਨੂੰ ਸੋਨੇ ਤੇ ਸੰਗਮਰਮਰ ਨਾਲ ਢੱਕ ਕੇ ਇਹਨਾਂ ਦੀ ਰੂਹਾਨੀਅਤ ਖ਼ਤਮ ਕੀਤੀ ਜਾ ਰਹੀ ਹੈ। ਕੋਈ ਵੀ ਸ਼ਰਧਾਲੂ ਗੁਰਦੁਆਰੇ ਸੋਨੇ ਜਾਂ ਸੰਗਮਰਮਰ ਦੇ ਦਰਸ਼ਨ ਕਰਨ ਲਈ ਨਹੀਂ ਆਉਂਦਾ, ਉਹ ਉਥੇ ਰੂਹਾਨੀ ਤੇ ਅਧਿਆਤਮਕ ਗਿਆਨ ਲਈ ਆਉਂਦਾ ਹੈ, ਜੋ ਕਿ ਉਸ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਤੋਂ ਮਿਲਣਾ ਹੈ, ਤੇ ਜਿਸ ਦੇ ਪ੍ਰਚਾਰ ਲਈ ਸਾਨੂੰ ਲਗਾਤਾਰ ਉਪਰਾਲੇ ਕਰਨੇ ਚਾਹੀਦੇ ਹਨ। ਇਸੇ ਤਰ੍ਹਾਂ ਹਰੇਕ ਗੁਰਦੁਆਰੇ ਵਿਚ ਇਕ ਅੱਛੀ ਲਾਇਬਰੇਰੀ ਹੋਣੀ ਵੀ ਜ਼ਰੂਰੀ ਹੈ, ਜਿਥੋਂ ਕਿ ਉਸ ਇਲਾਕੇ ਦੀ ਸੰਗਤ ਆਪਣੀ ਧਾਰਮਕ ਜਾਣਕਾਰੀ ਵਿਚ ਵਾਧਾ ਕਰ ਸਕੇ।

ਸਿੱਖ ਵਿਦਿਅਕ ਅਦਾਰਿਆਂ ਦੀ ਜ਼ਿੰਮੇਵਾਰੀ: ਸਿੱਖ ਵਿਦਿਅਕ ਅਦਾਰੇ ਵੀ ਕਾਫ਼ੀ ਲੰਮੇ ਅਰਸੇ ਤੋਂ ਆਪਣੀ ਜ਼ਿੰਮੇਵਾਰੀ ਤੋਂ ਬੇਮੁੱਖ ਹੋਏ ਪਏ ਹਨ। ਇਹ ਕੇਵਲ ਨਾਮ ਦੇ ਹੀ ਸਿੱਖ ਅਦਾਰੇ ਹਨ, ਇਨ੍ਹਾਂ ਵਿਚ ਸਿੱਖ-ਫ਼ਲਸਫ਼ੇ, ਇਤਿਹਾਸ ਤੇ ਸਭਿਆਚਾਰ ਦੀ ਕੋਈ ਜਾਣਕਾਰੀ ਨਹੀਂ ਦਿਤੀ ਜਾਂਦੀ। ਪੜ੍ਹਾਉਣ ਵਾਲੇ ਆਪ ਹੀ ਧਰਮ-ਵਿਦਿਆ ਤੋਂ ਕੋਰੇ ਹੁੰਦੇ ਹਨ। ਕਈ ਥਾਈਂ ਤਾਂ ਕਮਿਉਨਿਸਟ ਵਿਚਾਰਧਾਰਾ ਵਾਲੇ ਤੇ ਨਾਸਤਕ ਅਧਿਆਪਕ ਇਨ੍ਹਾਂ ਅਦਾਰਿਆਂ ਵਿਚ 'ਸੇਵਾ' ਨਿਭਾ ਰਹੇ ਹਨ। ਫਲਸਰੂਪ ਇਨ੍ਹਾਂ ਵਿਚ ਪੜ੍ਹ ਰਹੇ ਵਿਦਿਆਰਥੀ ਵੀ ਭਾਰੀ ਗਿਣਤੀ ਵਿਚ ਪਤਿਤਪੁਣੇ ਦਾ ਸ਼ਿਕਾਰ ਹੋ ਜਾਂਦੇ ਹਨ। ਪਤਿਤਪੁਣੇ ਨੂੰ ਠਲ ਪਾਉਣ ਲਈ, ਇਨ੍ਹਾਂ ਵਿਦਿਅਕ ਅਦਾਰਿਆਂ ਦੀ ਨਵੇਂ ਸਿਰਿਉਂ ਵਿਓਂਤਬੰਦੀ ਕਰਨੀ ਪਵੇਗੀ ਜੋ ਕਿ ਖ਼ਾਲਸਾ ਪੰਥ ਦੇ ਪ੍ਰਚਾਰ ਨੂੰ ਮੁਖ ਰੱਖ ਕੇ ਬਣਾਉਣੀ ਪਵੇਗੀ।

ਘਰ ਦੇ ਬਜ਼ੁਰਗਾਂ ਦੀ ਜ਼ਿੰਮੇਵਾਰੀ: ਬੱਚੇ ਦਾ ਮਨ ਇਕ ਸਾਫ ਪਾਣੀ ਵਾਂਗ ਹੁੰਦਾ ਹੈ, ਜਿਸ ਨੂੰ ਜਿਸ ਰੰਗ ਵਿਚ ਚਾਹੀਏ ਰੰਗ ਲਈਏ। ਇਸ ਲਈ ਘਰ ਦੇ ਬਜ਼ੁਰਗਾਂ, ਅਰਥਾਤ ਮਾਂ ਪਿਉ ਦੀ ਜ਼ਿਮੇਵਾਰੀ ਹੈ ਕਿ ਉਹ ਆਪਣੇ ਬਚਿਆਂ ਨੂੰ ਬਾਲ ਅਵਸਥਾ ਤੋਂ ਹੀ ਸਿੱਖੀ ਦੀ ਮਾਨ-ਮਰਿਆਦਾ ਤੋਂ ਜਾਣੂ ਕਰਵਾਉਣ। ਪਰ ਅਜ ਦੇ ਮਾਪੇ ਆਪਣੇ ਬੱਚੇ ਨੂੰ ਸਿਰਫ ਸਕੂਲੀ ਸਿਖਿਆ ਦੇ ਕੇ ਉਸ ਨੂੰ ਦੁਨਿਆਵੀ ਪੱਖੋਂ ਸਫਲ ਬਨਾਉਣ ਵਿਚ ਹੀ ਆਪਣੇ ਫਰਜ਼ ਦੀ ਪੂਰਤੀ ਸਮਝਦੇ ਹਨ ਤੇ ਆਪਣੇ ਬੱਚੇ ਦੇ ਧਾਰਮਿਕ ਤੇ ਅਧਿਆਤਮਕ ਪੱਖ ਬਾਰੇ ਬਿਲਕੁਲ ਨਿਸਚਿਤ ਹਨ। ਵਡੇ ਹੋ ਕੇ ਜਦੋਂ ਇਹੀ ਬਚੇ ਮਾਤਾ-ਪਿਤਾ ਦੀ ਇੱਜ਼ਤ ਤੇ ਸੇਵਾ ਕਰਨ ਤੋਂ ਇਨਕਾਰੀ ਹੋ ਜਾਂਦੇ ਹਨ, ਤਾਂ ਨਵੀਂ ਪੀੜ੍ਹੀ ਦਾ ਦੋਸ਼ ਕਢ ਕੇ ਆਪਣੇ ਆਪ ਨੂੰ ਦਿਲਾਸਾ ਦੇਂਦੇ ਹਨ, ਜਦ ਕਿ ਹਰ ਪੀੜ੍ਹੀ ਆਪਣੇ ਸਮੇਂ ਵਿਚ ਨਵੀਂ ਹੁੰਦੀ ਹੈ। ਅੱਜ ਵੀ ਜਿਨ੍ਹਾਂ ਘਰਾਂ ਵਿਚ ਸਿੱਖੀ ਸੁਰਜੀਤ ਹੈ, ਉਨ੍ਹਾਂ ਦੇ ਬੱਚੇ ਵੀ ਸਿੱਖੀ ਵਿਚ ਪਰਪੱਕ ਹਨ। ਵਿਦੇਸ਼ਾਂ ਵਿਚ ਰਹਿ ਰਹੇ ਸਿੱਖ ਨੌਜਵਾਨਾਂ ਵਲੋਂ ਆਪਣੇ ਕਕਾਰਾਂ ਦੀ ਰਖਿਆ ਕਾਰਨ ਕਈ ਮੋਰਚੇ ਲਗਾਏ ਗਏ, ਤੇ ਕਕਾਰਾਂ ਦੀ ਬਰਕਰਾਰੀ ਲਈ ਵਿਦੇਸ਼ੀ ਕਾਨੂੰਨਾਂ ਵਿਚ ਸੋਧ ਵੀ ਕੀਤੀ ਗਈ। ਪਿਛਲੇ ੧੫ ਸਾਲਾਂ ਵਿਚ ਹਜ਼ਾਰਾਂ ਨੌਜਵਾਨ ਆਪਣੇ ਧਰਮ ਦੀ ਖ਼ਾਤਰ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਹੋ ਕੇ ਸ਼ਹੀਦ ਹੋਏ। ਇਹ ਨਿਧੜਕ ਜਜ਼ਬਾ ਇਸ ਗੱਲ ਦਾ ਸਿੱਧਾ ਸਬੂਤ ਹੈ ਕਿ ਜਿਨ੍ਹਾਂ ਘਰਾਂ ਵਿਚ ਬੱਚੇ ਸਿੱਖੀ ਦੇ ਵਾਤਾਵਰਣ ਵਿਚ ਪਲਦੇ ਹਨ, ਉਥੇ ਬੱਚੇ ਸਿੱਖੀ ਦੇ ਲੜ ਲਗ ਜਾਂਦੇ ਹਨ, ਤੇ ਇਸ ਦੇ ਇਸ਼ਕ ਵਿਚ ਉਮਰ ਭਰ ਜਿਉਂਦੇ ਹਨ। ਪਰ ਜਿਥੇ ਮਾਂ ਪਿਉ ਆਪ ਵੀ ਪਤਿਤ ਹਨ, ਉਥੇ ਬੱਚੇ ਵੀ ਪਤਿਤ ਹਨ। ਪਤਿਤਪੁਣੇ ਨੂੰ ਠੱਲ ਪਾਉਣ ਲਈ ਜ਼ਿਮੇਵਾਰ ਮਾਂ-ਬਾਪ ਇਕ ਅਹਿਮ ਯੋਗਦਾਨ ਪਾ ਸਕਦੇ ਹਨ।

ਪੁਰਾਣੀਆਂ ਇਤਿਹਾਸਿਕ ਪਰੰਪਰਾਵਾਂ ਨੂੰ ਸੁਰਜੀਤ ਕਰਨਾ: ਪਾਰੋ ਜੁਲਕਾ, ਗੁਰੂ ਅਮਰਦਾਸ ਜੀ ਦੇ ਅਨਿਨ ਸ਼ਰਧਾਲੂ ਤੇ ਵਿਸ਼ੇਸ਼ ਪ੍ਰਚਾਰਕ ਸਨ। ਇਕ ਦਿਨ ਪਾਰੋ ਜੁਲਕਾ

ਜੀ ਨੇ ਗੁਰੂ ਅਮਰ ਦਾਸ ਜੀ ਨੂੰ ਸਲਾਹ ਦਿਤੀ ਕਿ ਗੁਰੂ ਸਾਹਿਬ ਕੋਈ ਐਸਾ ਦਿਨ ਮੁਕਰਰ ਕਰਨ, ਜਿਸ ਦਿਨ ਦੇਸ਼ ਦੇ ਕੋਨੇ ਕੋਨੇ ਤੋਂ ਸਿੱਖ ਸੰਗਤਾਂ ਗੁਰੂ ਸਾਹਿਬ ਨੂੰ ਮਿਲਣ ਲਈ ਆਉਣ ਤੇ ਇਹ ਅਵਸਰ ਸਿੱਖ ਪ੍ਰਚਾਰ ਤੇ ਪ੍ਰਚਾਰਕਾਂ ਵਲੋਂ ਕੀਤੇ ਪ੍ਰਚਾਰ ਦੇ ਨਿਰੀਖਣ ਕਰਨ ਲਈ ਵਰਤਿਆ ਜਾਵੇ। ਗੁਰੂ ਅਮਰਦਾਸ ਜੀ ਨੇ ਇਹ ਸਲਾਹ ਮੰਨ ਕੇ ਸਿੱਖਾਂ ਦੇ ਸਲਾਨਾ ਧਾਰਮਿਕ ਤੇ ਸਭਿਆਚਾਰਕ ਇਕੱਠ ਲਈ ਵਿਸਾਖੀ ਦਾ ਦਿਹਾੜਾ ਮੁਕਰਰ ਕੀਤਾ। ਇਸ ਤਰ੍ਹਾਂ ਸੰਗਤਾਂ ਗੁਰੂ ਦਰਬਾਰ ਵਿਚ ਜੁੜ ਬੈਠਦੀਆਂ, ਤੇ ਇਸ ਅਵਸਰ ਤੇ ਗੁਰੂ ਸਾਹਿਬ ਆਪ ਅੰਮ੍ਰਿਤ ਦੀ ਦੀਖੀਆ ਦੇ ਕੇ ਅੰਮ੍ਰਿਤ ਪ੍ਰਚਾਰ ਕਰਦੇ ਤੇ ਆਪਣੇ ਵਲੋਂ ਥਾਪੀਆਂ ੨੨ ਮੰਜੀਆਂ ਦੇ ਪ੍ਰਚਾਰਕਾਂ ਵਲੋਂ ਕੀਤੇ ਪ੍ਰਚਾਰ ਦੀ ਪੜਚੋਲ ਕਰਕੇ ਉਨ੍ਹਾਂ ਨੂੰ ਹਦਾਇਤਾਂ ਦਿੰਦੇ। ਇਤਿਹਾਸ ਗੁਆਹ ਹੈ ਕਿ ਇਸੇ ਤਰ੍ਹਾਂ ਦੇ ਸਲਾਨਾ ਵਿਸਾਖੀ ਦੇ ਇਕੱਠ ਵਿਚ ੧੬੯੯ ਈ: ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਇਹ ਪਰੰਪਰਾ ਮਿਸਲਾਂ ਦੇ ਸਮੇਂ ਤੱਕ ਸੁਰਜੀਤ ਰਹੀ। ਸਭ ਮਿਸਲ ਸਰਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਥਕ ਮਸਲਿਆਂ ਨੂੰ ਵਿਚਾਰਨ ਲਈ, ਆਪਣੇ ਰਾਜਸੀ ਮੱਤਭੇਦ ਭੁਲਾ ਕੇ, ਇਕੱਠੇ ਹੁੰਦੇ ਤੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਇਤਿਹਾਸਕ ਫੈਸਲੇ ਲੈਂਦੇ। ਅੱਜ ਵੀ ਇਸ ਪੁਰਾਤਨ ਇਤਿਹਾਸਕ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਲਈ ਉਪਰਾਲਾ ਕਰਨ ਦੀ ਲੋੜ ਹੈ ਤਾਂ ਜੋ ਖ਼ਾਲਸਾ ਪੰਥ ਦੇ ਧਾਰਮਿਕ ਮਸਲਿਆਂ ਉਪਰ ਮਿਲ ਜੁਲ ਕੇ ਪੰਥ ਦੇ ਹਿੱਤ ਵਿਚ ਫੈਸਲੇ ਲਏ ਜਾ ਸਕਣ। ਸਾਡੇ ਗੁਰੂਆਂ ਨੇ ਤਾਂ ਮਿਲ ਜੁਲ ਕੇ ਰਹਿਣ ਦਾ ਸੰਦੇਸ਼ ਦਿਤਾ, ਪਰ ਸਾਡੇ ਸਿਆਸੀ ਆਗੂਆਂ ਨੇ ਆਪਣੀ ਕੋਝੀ ਸਿਆਸਤ ਤੇ ਕੁਰਸੀਆਂ ਦੀ ਖ਼ਾਤਰ, "ਹਿਲ ਜੁਲ ਕੇ ਰਹਿਣ" ਦੀ ਸਿਆਸਤ ਨੂੰ ਜਨਮ ਦਿਤਾ, ਜੋ ਕਿ ਸਿੱਖ ਕੌਮ ਦੇ ਦੁਖਾਂਤ ਦਾ ਮੂਲ ਕਾਰਨ ਹੈ। ਸਾਡਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਕੌਮੀ ਪੱਧਰ ਤੇ ਕੀਤੇ ਯਤਨਾਂ ਸਦਕਾ ਹੀ ਕੌਮ ਦੀ ਵਿਗੜੀ ਸਵਾਰੀ ਜਾ ਸਕਦੀ ਹੈ ਅਤੇ ਪਤਿਤਪੁਣੇ ਦੇ ਤੇਜ਼ੀ ਨਾਲ ਵੱਧ ਰਹੇ ਰੋਗ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਸ੍ਰੀ ਅਕਾਲ ਤਖਤ ਸਾਹਿਬ ਇਸ ਸੰਬੰਧ ਵਿਚ ਇਕ ਵਿਸ਼ੇਸ਼ ਤੇ ਅਸਰਦਾਇਕ ਭੂਮਿਕਾ ਨਿਭਾ ਸਕਦਾ ਹੈ, ਕਿਉਂਕਿ ਦੇਸ਼-ਵਿਦੇਸ਼ ਵਿਚ ਵਸੇ ਹੋਏ ਸਿੱਖ ਭਾਵਨਾਤਮਕ ਤੌਰ ਤੇ ਸ੍ਰੀ ਅਕਾਲ ਤਖਤ ਸਾਹਿਬ ਨਾਲ ਜੁੜੇ ਹੋਏ ਹਨ ਅਤੇ ਸਿੱਖ-ਸੰਸਥਾਵਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਉੱਚਤਾ ਨੂੰ ਸਵੀਕਾਰਦੀਆਂ ਹਨ।

ਆਰਥਿਕ ਮਸਲੇ ਨੂੰ ਤਰਜੀਹ ਦੇਣੀ: ਪਤਿਤਪੁਣੇ ਦਾ ਇਕ ਅਹਿਮ ਕਾਰਨ ਆਰਥਿਕ ਵੀ ਹੈ। ਅਜ ਇਨਸਾਨ ਨੂੰ ਕਿਰਤ ਕਰਨ ਲਈ, ਕਿੱਤੇ ਦੀ ਜ਼ਰੂਰਤ ਹੈ ਤਾਂ ਜੋ ਉਹ ਆਪਣੀ ਰੋਟੀ ਰੋਜ਼ੀ ਕਮਾ ਸਕੇ। ਇਸ ਦਾ ਇਕ ਸਫਲ ਤੇ ਮਹੱਤਵਪੂਰਨ ਤਜਰਬਾ ਇਸ ਸਦੀ ਦੇ ਸ਼ੁਰੂ ਵਿਚ ਭਾਈ ਵੀਰ ਸਿੰਘ ਵਰਗੇ ਸੁਲਝੇ ਹੋਏ ਗੁਰਸਿੱਖਾਂ ਨੇ, ਪੰਜਾਬ ਐਂਡ ਸਿੰਧ ਬੈਂਕ ਦੀ ਸਥਾਪਨਾ ਕਰਕੇ, ਤੇ ਕੋਈ ੧੦,੦੦੦ ਪਰਵਾਰਾਂ ਦੇ ਬੱਚਿਆਂ ਨੂੰ ਰੋਜ਼ਗਾਰ ਦੇ ਕੇ ਕੀਤਾ ਤੇ ਕਈ ਨੌਜਵਾਨਾਂ ਨੂੰ ਪਤਿਤਪੁਣੇ ਦੀ ਬੀਮਾਰੀ ਤੋਂ ਬਚਾਇਆ। ਪਰ ੧੫ ਅਪਰੈਲ ੧੯੮੦ ਨੂੰ ਇਸ ਬੈਂਕ ਤੇ ਸਰਕਾਰੀ ਸਾਇਆ ਰਾਸ਼ਟਰੀਕਰਨ ਦੇ ਰੂਪ ਪੈਣ ਮਗਰੋਂ ਕਈ ਨੌਜਵਾਨ ਪਤਿਤ ਹੋ ਗਏ। ਹੋਰ ਸਰਕਾਰੀ ਅਦਾਰਿਆਂ (ਪੁਲਿਸ, ਆਈ. ਏ. ਐਸ. ਆਦਿ) ਵਿਚ ਇਹ ਬੀਮਾਰੀ ਲਾਇਲਾਜ ਹੁੰਦੀ ਜਾ ਰਹੀ ਹੈ। ਅੱਜ ਸਿੱਖ ਕੌਮ ਕੋਲ ਇਤਨੇ ਗੁਰਦੁਆਰੇ, ਹਸਪਤਾਲ ਤੇ ਵਿਦਿਅਕ ਅਦਾਰੇ ਹਨ ਕਿ ਜੇ ਇਹਨਾਂ ਸੰਸਥਾਵਾਂ ਵਿਚ ਸਿਰਫ ਰਹਿਤਵਾਨ ਸਿੱਖਾਂ ਦੀ ਭਰਤੀ ਕੀਤੀ ਜਾਵੇ ਤਾਂ ਪਤਿਤਪੁਣੇ ਦੀ ਬੀਮਾਰੀ ਦੂਰ ਹੀ ਨਹੀਂ ਹੋਵੇਗੀ, ਬਲਕਿ ਸਿੱਖ ਪੰਥ ਦੇ ਅਨੁਯਾਈਆਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਣ ਦੀ ਸੰਭਾਵਨਾ ਹੈ। ਇਸਾਈ ਮੱਤ ਇਸੇ ਹੀ ਪ੍ਰਣਾਲੀ ਦੀ ਸਹਾਇਤਾ ਨਾਲ ਪਰਫੁਲਤ ਹੋ ਰਿਹਾ ਹੈ।

ਅੰਤ ਵਿਚ ਮੈਂ ਆਪਣੇ ਭੁਲੇ ਭਟਕੇ ਵੀਰਾਂ ਤੇ ਭੈਣਾਂ ਨੂੰ ਬੇਨਤੀ ਕਰਾਂਗਾ ਕਿ ਜੇ ਉਹ ਆਪਣੇ ਆਪ ਨੂੰ "ਅਕਾਲ ਪੁਰਖ ਕੀ ਫੌਜ" ਸਮਝਦੇ ਹਨ ਤਾਂ ਉਹ ਅਕਾਲ ਪੁਰਖ ਵਲੋਂ ਦਿਤੇ ਸਰੂਪ "ਸਾਬੂਤ ਸੂਰਤ ਦਸਤਾਰ ਸਿਰਾ" ਤੇ ਅਕਾਲ ਪੁਰਖ ਦੇ ਹੁਕਮ ਤਹਿਤ ਸੌਂਪੇ 'ਪੰਜ ਕਕਾਰਾਂ' ਵਿਚ ਆਉਣ ਤੇ ਗੁਰੂ ਸਾਹਿਬਾਂ ਵਲੋਂ ਦਿਤੀ ਤਨ ਤੇ ਮਨ ਦੀ ਰਹਿਤ ਨੂੰ ਦ੍ਰਿੜਾਉਣ ਲਈ ਯਤਨਸ਼ੀਲ ਹੋਣ। ❖❖❖

ਸਿੱਖ ਫੁਲਵਾੜੀ ਇਨਾਮੀ ਪ੍ਰਤੀਯੋਗਤਾ ਫਰਵਰੀ-1998 ਦੇ ਇਨਾਮ ਜੇਤੂ

ਪਹਿਲਾ ਇਨਾਮ

1. ਗਿਆਨੀ ਅਜੀਤ ਸਿੰਘ ਸ਼ੌਂਕੀ (ਕੈਨਨਨੌਰ, ਕੇਰਲਾ), 2. ਸ: ਪ੍ਰੀਤਮ ਸਿੰਘ (ਦਾਨ ਚੌੜਾ, ਊਧਮ ਸਿੰਘ ਨਗਰ, ਯੂ.ਪੀ.), 3. ਬੀਬੀ ਮਨਜੀਤ ਕੌਰ (ਕਪੂਰਥਲਾ, ਲਾਹੌਰੀ ਗੇਟ)

ਦੂਜਾ ਇਨਾਮ

1. ਬੀਬੀ ਪ੍ਰੀਤਮ ਕੌਰ (ਦੁੱਗਰੀ ਰੋਡ, ਲੁਧਿਆਣਾ), 2. ਸ: ਰਜਵੰਤ ਸਿੰਘ (ਮਾੜੀ ਬੁੱਚੀਆਂ, ਗੁਰਦਾਸਪੁਰ), 3. ਬੀਬੀ ਬਲਬੀਰ ਕੌਰ (ਮਾੜੀ ਬੁੱਚੀਆਂ, ਗੁਰਦਾਸਪੁਰ)

ਤੀਜਾ ਇਨਾਮ

1. ਬੀਬੀ ਪ੍ਰੀਤਮ ਕੌਰ (ਰਵਿਵਾਰ ਪੇਠ, ਪੂਨਾ), 2. ਸ: ਕੁਲਵੰਤ ਸਿੰਘ (ਕੰਡਾਰੀ ਕਲੋਨੀ, ਕੋਟਵਾਰ, ਯੂ.ਪੀ.)

ਨੋਟ – ਇਨਾਮ ਜੇਤੂ, ਇਨਾਮੀ ਪ੍ਰਤੀਯੋਗਤਾ ਦੇ ਨਿਯਮਾਂ ਅਨੁਸਾਰ ਇਨਾਮ ਦੀ ਬਣਦੀ ਰਕਮ ਦੀਆਂ ਕਾਲਜ ਵਲੋਂ ਪ੍ਰਕਾਸ਼ਤ ਲੋੜੀਂਦੀਆਂ ਪੁਸਤਕਾਂ ਲਈ ਸ: ਹਰਭਜਨ ਸਿੰਘ, ਸੰਤ ਨਗਰ, ਦੇਵੀ ਤਲਾਬ, ਕਪੂਰਥਲਾ-144 601, ਫੋਨ 01822-34767, ਦੇ ਪਤੇ ਤੇ 20 ਅਪਰੈਲ 1998 ਤੱਕ ਲਿਖਣ ਦੀ ਕ੍ਰਿਪਾਲਤਾ ਕਰਨ। ❖❖❖

ਹੋਰਨਾਂ ਭਾਸ਼ਾਵਾਂ ਵਿਚ ਸਿੱਖ ਸਾਹਿਤ

— *ਸ: ਕੁਲਬੀਰ ਸਿੰਘ, ਨਵੀਂ ਦਿੱਲੀ*

ਅੱਜ ਵਧੇਰੇ ਲੋਕ ਕਿਤਾਬਾਂ ਦੁਆਰਾ ਗਿਆਨ ਦੀ ਪ੍ਰਾਪਤੀ ਕਰਦੇ ਹਨ। ਭਲੇ ਹੀ ਸਿੱਖ ਧਰਮ ਸਬੰਧੀ ਕਿਤਾਬਾਂ ਪੰਜਾਬੀ ਵਿਚ ਮਿਲ ਜਾਂਦੀਆਂ ਹਨ, ਪਰ ਵੇਖਣ ਵਿਚ ਆ ਰਿਹਾ ਹੈ ਕਿ ਨਵੀਂ ਪਨੀਰੀ ਦੇ ਲੋਕਾਂ ਨੂੰ ਪੰਜਾਬੀ ਭਾਸ਼ਾ ਦਾ ਗਿਆਨ ਹੀ ਨਹੀਂ ਹੁੰਦਾ ਅਤੇ ਉਹ ਗੁਰਮਤਿ ਗਿਆਨ ਤੋਂ ਵਾਂਝੇ ਰਹਿ ਜਾਂਦੇ ਹਨ।

ਕਿਸੇ ਪੰਛੀ ਦੇ ਖੰਭ ਵਢ ਕੇ ਉਸਨੂੰ ਉਸਦੇ ਸੰਸਕਾਰਾਂ ਦੇ ਸਰੋਤ, ਮਾਂ-ਪਿਓ ਕੋਲ ਜਾਣ ਤੋਂ ਰੋਕਿਆ ਜਾ ਸਕਦਾ ਹੈ। ਪਰ ਜੇ ਪਤਾ ਹੋਵੇ ਉਸ ਪੰਛੀ ਦੇ ਸੰਸਕਾਰਾਂ ਸਰੋਤ, ਮਾਤਾ-ਪਿਤਾ ਦਾ, ਤਾਂ ਮਾਤਾ ਪਿਤਾ ਨੂੰ ਉਸ ਦੇ ਕੋਲ ਲਿਆਇਆ ਜਾ ਸਕਦਾ ਹੈ। ਇਸੇ ਪ੍ਰਕਾਰ ਜੇ ਸਿੱਖ ਪ੍ਰਵਾਰਾਂ ਨੂੰ ਗੁਰਮਤਿ ਤੋਂ ਤੋੜਨਾ ਹੋਵੇ ਤਾਂ ਉਨ੍ਹਾਂ ਦੀ ਖੰਭ ਰੂਪੀ ਪੰਜਾਬੀ ਬੋਲੀ ਨੂੰ ਉਨ੍ਹਾਂ ਨਾਲੋਂ ਵਢ ਦਿਓ, ਅਰਥਾਤ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਦੇ ਗਿਆਨ ਤੋਂ ਵਾਂਝਿਆ ਰਖ ਦਿਓ, ਉਹ ਆਪੇ ਹੀ ਗੁਰਮਤਿ ਨਾਲੋਂ ਟੁਟਦੇ ਜਾਣਗੇ। ਪਰ ਜੇ ਇਨ੍ਹਾਂ (ਪੰਜਾਬੀ ਬੋਲੀ) ਖੰਭ ਕੱਟੇ ਸਿੱਖ ਪਰਿਵਾਰਾਂ ਨੂੰ ਉਨ੍ਹਾਂ ਦੁਆਰਾ ਜਾਣੀ ਜਾਣ ਵਾਲੀ ਭਾਸ਼ਾ ਵਿਚ, ਸੰਸਕਾਰਾਂ ਦੇ ਸਰੋਤ, ਗੁਰਮਤਿ ਗਿਆਨ ਨੂੰ ਪੁਚਾਇਆ ਜਾਵੇ ਤਾਂ ਉਹ ਆਪੇ ਹੀ ਪੰਜਾਬੀ ਭਾਸ਼ਾ ਪੜ੍ਹਨ ਲਈ ਉਤਾਵਲੇ ਹੋਣਗੇ।

ਗੁਰਮਤਿ ਗਿਆਨ ਕੋਈ ਗੁਪਤ ਗਿਆਨ ਤਾਂ ਹੈ ਨਹੀਂ ਜੋ ਇਸਨੂੰ ਕੇਵਲ ਪੰਜਾਬੀ ਭਾਸ਼ਾ ਵਿਚ ਹੀ ਸੀਮਤ ਰਖਿਆ ਜਾਵੇ। ਸਗੋਂ ਇਹ ਤਾਂ ਸੰਸਾਰ ਦੇ ਹਰੇਕ ਪ੍ਰਾਣੀ ਦੇ ਭਲੇ ਲਈ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਲੋਕਾਂ ਤਕ ਗੁਰਮਤਿ ਗਿਆਨ ਨੂੰ ਉਨਾ ਦੀ ਬੋਲੀ ਵਿਚ ਪਹੁੰਚਾਇਆ ਜਾਵੇ।

ਇਸਦੇ ਵਿਚ ਕੋਈ ਦੋ ਰਾਵਾਂ ਵਾਲੀ ਗੱਲ ਨਹੀਂ ਹੈ ਕਿ ਹਰੇਕ ਗੁਰਸਿੱਖ ਵਿਅਕਤੀ ਅਤੇ ਉਸਦੇ ਬੱਚਿਆਂ ਨੂੰ ਪੰਜਾਬੀ (ਗੁਰਮੁਖੀ) ਭਾਸ਼ਾ ਦਾ ਗਿਆਨ ਹੋਣਾ ਜ਼ਰੂਰੀ ਹੈ। ਪਰ ਜੋ ਵਸੀਲਿਆਂ ਦੀ ਘਾਟ ਕਾਰਣ ਜਾਂ ਕਿਸੇ ਹੋਰ ਕਾਰਣ, ਪੰਜਾਬੀ ਨਹੀਂ ਪੜ੍ਹ ਸਕੇ, ਜਾਂ ਅਜੇ ਨਹੀਂ ਪੜ੍ਹ ਸਕਦੇ, ਉਨ੍ਹਾਂ ਨੂੰ ਘਟੋ-ਘਟ ਗੁਰਮਤਿ ਗਿਆਨ ਤੋਂ ਤਾਂ ਵਾਂਝਿਆਂ ਨਹੀਂ ਰਖਿਆ ਜਾਣਾ ਚਾਹੀਦਾ। ਅੱਜ ਜ਼ਮਾਨਾ ਸਰਵਭਾਸ਼ਾ ਦੁਆਰਾ ਪ੍ਰਚਾਰ ਦਾ ਹੈ। ਅੱਜ ਦੁਨੀਆਂ ਦੇ ਲੋਕ ਸਭ ਭਾਸ਼ਾਵਾਂ ਦੇ ਮਾਧਿਅਮ ਦੁਆਰਾ ਕੇਵਲ ਸਹ-ਧਰਮੀਆਂ ਨੂੰ ਹੀ ਨਹੀਂ, ਸਗੋਂ ਅਨਧਰਮੀਆਂ ਨੂੰ ਵੀ ਆਪਣੇ ਧਰਮ ਦੀ ਜਾਣਕਾਰੀ, ਉਨ੍ਹਾਂ ਦੀ ਬੋਲੀ ਵਿਚ ਹੀ ਦੇ ਰਹੇ ਹਨ। ਜਿਸ ਦਾ ਸਦਕਾ ਨਾ ਕੇਵਲ ਉਹ ਲੋਕ ਆਪਣੇ ਧਰਮ ਦੇ ਅਨੁਯਾਈਆਂ ਨੂੰ ਕੇਵਲ ਧਰਮ ਵਿਚ ਪਰਪੱਕ ਕਰਨ ਦੇ ਹੀ ਸਮਰਥ ਹੋਏ ਹਨ, ਸਗੋਂ ਦੂਜੇ ਲੋਕਾਂ ਨੂੰ ਵੀ ਆਪਣੇ ਧਰਮ ਵਿਚ ਪ੍ਰਵੇਸ਼ ਕਰਾ ਕੇ, ਆਪਣੇ ਧਰਮਾਂ ਨੂੰ ਚੜ੍ਹਦੀ ਕਲਾ ਵਲ ਲਿਜਾ ਰਹੇ ਹਨ।

ਇਸਾਈ ਧਰਮ ਦੀ ਮਿਸਾਲ ਸਾਡੇ ਸਾਹਮਣੇ ਹੈ। ਪੰਜਾਬੀ ਦਾ ਪਹਿਲਾ ਛਾਪਾਖਾਨਾ, ਸੰਨ 1840 ਦੇ ਲਾਗੇ ਚਾਗੇ, ਇਸਾਈਆਂ ਵਲੋਂ ਹੀ ਲਾਇਆ ਗਿਆ ਸੀ, ਜਿਸਦਾ ਮੁਖ ਮੰਤਵ ਭਾਰਤ ਦੀ ਬਾਈਬਲ ਦਾ ਉਲਥਾ ਸੰਸਾਰ ਦੀਆਂ 1000 ਭਾਸ਼ਾਵਾਂ ਵਿਚ ਮਿਲਦਾ ਹੈ। ਅਤੇ ਦੂਜੇ ਬੰਨੇ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਸੰਨ 1880-85 ਦੇ ਲਾਗੇ ਤਾਗੇ ਤਕ, ਪੱਥਰ ਵਾਲੇ ਛਾਪੇ ਵਿਚ ਹੀ ਹੁੰਦੀ ਰਹੀ ਹੈ। ਕਿਤਨੇ ਪਿਛੜੇ ਹੋਏ ਹਾਂ ਅਸੀਂ !

ਧਰਮ ਨੂੰ ਅਫੀਮ ਕਹਿਣ ਵਾਲਿਆਂ ਨੂੰ ਹੀ ਲੈ ਲਵੋ। ਅੱਜ ਕਮਿਊਨਿਸਟ ਦੇਸ਼ ਵੀ ਸਰਵਭਾਸ਼ਾ ਸਾਹਿਤ ਦੁਆਰਾ ਪ੍ਰਚਾਰ ਦੇ ਹਥਿਆਰ ਰਾਹੀਂ ਦੁਨੀਆਂ ਤੇ ਛਾ ਜਾਣ ਦੀਆਂ ਯੋਜਨਾਵਾਂ ਬਣਾ ਰਹੇ ਹਨ। ਅੱਜ ਉਨ੍ਹਾਂ ਦਾ ਸਾਹਿਤ ਦੁਨੀਆਂ ਦੀਆਂ ਲਗਪਗ 222 ਭਾਸ਼ਾਵਾਂ ਵਿਚ ਉਪਲਬਧ ਹੈ।

ਚਾਹੀਦਾ ਤਾਂ ਸੀ ਕਿ ਅੱਜ ਸਾਡੀ ਕੌਮ ਕੋਲ ਦੁਨੀਆਂ ਦੀਆਂ ਭਾਸ਼ਾਵਾਂ ਦਾ ਟ੍ਰਾਂਸਲੇਸ਼ਨ ਬਿਊਰੋ ਹੁੰਦਾ, ਪਰ ਚਲੋ... (ਵਾਹਿਗੁਰੂ ਮੇਹਰ ਕਰੇ)... ਪਰ ਸਾਡੇ ਕੋਲ ਤਾਂ ਮੁਖ ਭਾਰਤੀ ਭਾਸ਼ਾਵਾਂ ਵਿਚ ਤਾਂ ਕੀ, ਹਿੰਦੀ ਵਿਚ ਵੀ ਸਿੱਖ ਲਿਟਰੇਚਰ ਲਭਣਾ ਮੁਹਾਲ ਹੈ, ਜਿਸਨੂੰ ਬਹੁਮਤ ਦੁਆਰਾ ਜਾਣੀ ਜਾਣ ਵਾਲੀ ਰਾਸ਼ਟਰਭਾਸ਼ਾ ਵੀ ਕਿਹਾ ਜਾਂਦਾ ਹੈ। ਜੇ ਕੋਈ ਸਿੱਖ ਲਿਟਰੇਚਰ ਹਿੰਦੀ ਜਾਂ ਪੰਜਾਬੀ ਤੋਂ ਇਲਾਵਾ ਅਨ-ਭਾਸ਼ਾਵਾਂ ਵਿਚ ਲਭਦਾ ਹੈ ਤਾਂ ਉਹ, ਗੈਰਸਿੱਖਾਂ ਵਲੋਂ ਲਿਖਿਆ ਹੋਇਆ ਹੋਣ ਕਰਕੇ, ਮਿਲ-ਗੋਭਾ ਅਤੇ ਗਲਤ ਬਿਆਨੀਆਂ ਨਾਲ ਭਰਪੂਰ ਹੁੰਦਾ ਹੈ। ਸਿੱਖ ਧਰਮ ਦੇ ਮਹਾਨ ਵਿਰਸੇ ਨੂੰ ਛੁਟਿਆ ਕੇ ਲਿਖਿਆ ਹੋਇਆ ਹੁੰਦਾ ਹੈ। ਗੁਰਮਤਿ ਸਿਧਾਂਤਾਂ ਨੂੰ ਵੀ ਲਿਖਾਰੀਆਂ ਨੇ ਆਪਣੇ ਧਰਮ ਦੇ ਪ੍ਰਭਾਵ ਹੇਠ ਰੰਗਣ ਜਾਂ ਪੁਠ ਦਿੱਤੀ ਹੁੰਦੀ ਹੈ। ਨਤੀਜੇ ਵਜੋਂ, ਉਹ ਪੰਜਾਬੀ ਨਾ ਜਾਣਨ ਵਾਲੇ ਸ਼ਰਧਾਲੂ ਅਤੇ ਗੁਰਮਤਿ ਪ੍ਰੇਮੀ, ਜੋ ਉਨ੍ਹਾਂ ਦੀਆਂ ਲਿਖੀਆਂ ਹੋਈਆਂ ਕਿਤਾਬਾਂ ਪੜ੍ਹਦੇ ਹਨ, ਤਾਂ ਗੁਮਰਾਹ ਹੋ ਜਾਂਦੇ ਹਨ। ਇਥੋਂ ਤਕ ਕਿ ਧਰਮ ਤੋਂ ਡੋਲ ਵੀ ਜਾਂਦੇ ਹਨ। ਕਿੱਥੇ ਅੱਜ ਦੁਨੀਆਂ ਦੇ ਧਰਮ ਵਾਲੇ ਧਰਮ ਪਰਿਵਰਤਨ (ਕਨਵਰਸ਼ਨ) ਦੁਆਰਾ ਆਪਣੇ ਧਰਮ ਵਿਚ ਵਾਧਾ ਕਰਨ ਦੇ ਜਤਨ ਕਰ ਰਹੇ ਹਨ; ਅਤੇ ਸਾਨੂੰ... ਰੋਣ ਆਉਂਦਾ ਹੈ, ਸਚੀਂ... ਆਪਣੇ, ਸਿੱਖ ਧਰਮ ਅਨੁਯਾਈਆਂ ਨੂੰ ਹੀ ਧਰਮ ਤੇ ਅਡਿਗ ਰਖਣਾ ਮੁਹਾਲ ਹੋਇਆ ਪਿਆ ਹੈ।

ਸਾਡੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਲਿਖਾਰੀਆਂ ਨੂੰ ਪੁਸਤਕਾਂ ਲਿਖਣ ਲਈ ਮਾਇਕ ਸਹਾਇਤਾ ਦਿੰਦੀਆਂ ਹਨ। ਉਨ੍ਹਾਂ ਦਾ ਲਿਖਿਆ ਸਿੱਖ ਲਿਟਰੇਚਰ ਆਪਣੇ ਖਰਚੇ ਤੇ ਪ੍ਰਕਾਸ਼ਤ ਕਰਵਾਉਂਦੀਆਂ ਹਨ। ਕਿਹਾ ਚੰਗਾ ਹੋਵੇ, ਕਿ ਪਹਿਲੇ ਪੜਾਅ ਵਿਚ, ਇਹ ਪਾਲਸੀ ਬਣਾ ਲਈ ਜਾਵੇ ਕਿ ਕੋਈ ਵੀ ਗੁਰਮਤਿ ਉਤੇ ਛਪਣ ਵਾਲੀ ਪ੍ਰਮਾਣਿਕ ਪੁਸਤਕ, ਪੰਜਾਬੀ ਤੋਂ ਇਲਾਵਾ, ਘਟੋ ਘਟ ਦੋ ਹੋਰ ਭਾਸ਼ਾਵਾਂ—ਅੰਗ੍ਰੇਜ਼ੀ ਅਤੇ ਹਿੰਦੀ ਵਿਚ ਤਾਂ ਛਪਣਗੀਆਂ ਹੀ, ਨਾਲ ਹੀ ਉਪਰਾਲਾ ਕੀਤਾ ਜਾਵੇ

ਕਿ ਹੌਲੀ ਹੌਲੀ ਹੋਰਾਂ ਸਥਾਨਕ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਵੀ ਛਾਪਣ ਦਾ (ਕਿਉਂਕਿ ਦੇਸ ਵਿਚ ਵਧੇਰੇ ਲੋਕੀ, ਸਿੱਖ ਜਗਤ ਅਤੇ ਅਨ-ਧਰਮੀ ਹਿੰਦੀ ਅਤੇ ਅੰਗ੍ਰੇਜ਼ੀ ਤਾਂ ਜਾਣਦੇ ਹੀ ਹਨ; ਅਤੇ ਵਿਦੇਸ਼ਾਂ ਵਿਚ ਅੰਗ੍ਰੇਜ਼ੀ ਦਾ ਪ੍ਰਭਾਵ ਵਧੇਰੇ ਹੈ)।

ਫਿਲਹਾਲ, ਜਿਨ੍ਹਾਂ ਹੋਰਨਾਂ ਭਾਰਤੀ ਭਾਸ਼ਾਵਾਂ ਵਿਚ ਵੱਡੀਆਂ ਕਿਤਾਬਾਂ ਦੇ ਉਲਥੇ ਨਹੀਂ ਹੋ ਸਕਦੇ, ਘਟੋ ਘਟ ਉਨ੍ਹਾਂ ਭਾਸ਼ਾਵਾਂ ਵਿਚ ਗੁਰਮਤਿ, ਸਿੱਖ ਧਰਮ, ਸਿੱਖ ਸਿਧਾਂਤਾਂ ਅਤੇ ਸਿੱਖ ਧਰਮ ਦੀਆਂ ਵਿਸ਼ੇਸ਼ਤਾਵਾਂ ਦੀ ਮੁਢਲੀ ਜਾਣਕਾਰੀ ਵਾਲੇ ਪੰਮਫਲਟ ਜਾਂ ਘੱਟ ਕੀਮਤ ਦੇ ਟ੍ਰੈਕਟ ਛਾਪ ਕੇ ਵੱਡੀ ਪੱਧਰ ਤੇ ਲੋਕਾਈ ਨੂੰ ਵੰਡੇ ਜਾਂ ਉਪਲਬਧ ਕਰਾਏ ਜਾ ਸਕਦੇ ਹਨ। ਇਸ ਤਰ੍ਹਾਂ ਘਟੋ-ਘਟ ਸਿੱਖ ਧਰਮ ਦੇ ਸ਼ਰਧਾਲੂਆਂ ਅਤੇ ਪ੍ਰਸੰਸਕਾਂ ਦੀ ਗਿਣਤੀ ਵਿਚ ਵਾਧਾ ਤਾਂ ਹੋਵੇਗਾ ਅਤੇ ਨਾਲ ਹੀ ਸਮਾਜ ਵਿਚ ਸਿੱਖਾਂ ਦਾ ਵਕਾਰ ਵੀ ਵਧੇਗਾ।

ਇਹ ਕੰਮ ਕੋਈ ਛੋਟਾ ਜਿਹਾ ਨਹੀਂ, ਪਰ ਏਸ ਤੋਂ ਅਵੇਸਲਿਆਂ ਵੀ ਨਹੀਂ ਹੋਇਆ ਜਾ ਸਕਦਾ। ਇਹ ਕੰਮ ਤਾਂ ਅੱਜ ਤੋਂ ਘਟੋ-ਘਟ 100 ਸਾਲ ਪਹਿਲਾਂ ਹੋ ਜਾਣਾ ਚਾਹੀਦਾ ਸੀ।

ਸੋ ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਸਾਨੂੰ ਲੋੜ ਪਵੇਗੀ ਗੁਰਮਤਿ ਦਾ ਸਰਵਭਾਸ਼ੀ ਟ੍ਰਾਂਸਲੇਸ਼ਨ ਬਿਊਰੋ ਖੋਲ੍ਹਣ ਦੀ, ਜਿਸਦੇ ਵਿਚ ਉਨ੍ਹਾਂ ਪੁਸਤਕਾਂ ਦੇ ਖਰੜੇ, ਜਿਹਨਾਂ ਤੇ ਛਪਣ ਲਈ ਪ੍ਰਮਾਣੀਕਤਾ ਦੀ ਮੋਹਰ ਲਗ ਚੁਕੀ ਹੈ, ਸਥਾਈ ਪਾਲਿਸੀ (ਸਟੈਂਡਿੰਗ ਪਾਲਿਸੀ) ਦੇ ਅਨੁਸਾਰ ਸਬੰਧਤ ਭਾਸ਼ਾ ਦੇ ਟ੍ਰਾਂਸਲੇਸ਼ਨ ਵਿੰਗ ਵਿਚ ਚਲੇ ਜਾਣ, ਜਿਥੋਂ ਕਿ ਉਨ੍ਹਾਂ ਨੂੰ ਵਖ-ਵਖ ਸਬੰਧਤ ਭਾਸ਼ਾਵਾਂ ਵਿਚ ਛਪਵਾਉਣ ਦਾ ਪ੍ਰਬੰਧ ਕੀਤਾ ਜਾਵੇ।

ਇਹ ਕੰਮ ਕਰਨ ਲਗਿਆਂ ਟ੍ਰਾਂਸਲੇਸ਼ਨ ਦੇ ਕੰਮ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ—ਇਕ ਗੁਰਬਾਣੀ ਅਤੇ ਸਿੱਖ ਫਿਲਾਸਫੀ, ਅਤੇ ਦੂਜਾ ਸਿੱਖ ਇਤਿਹਾਸ ਅਤੇ ਵਾਰਤਕ। ਗੁਰਬਾਣੀ ਅਤੇ ਸਿੱਖ ਫਿਲਾਸਫੀ ਦੇ ਉਲਥਿਆਂ ਨੂੰ ਵਿਦਵਾਨਾਂ ਦੀਆਂ ਬਣੀਆਂ ਵਿਸ਼ੇਸ਼ ਕਮੇਟੀਆਂ ਕੋਲੋਂ ਪਾਸ ਕਰਵਾ ਕੇ ਹੀ ਛਾਪਿਆ ਜਾਵੇ।

ਅਨੁਵਾਦ ਦੀ ਬੋਲੀ ਔਖੀ, ਵਿਦਵਾਨਾਂ ਵਾਲੀ ਨਾ ਹੋਵੇ। ਆਮ ਬੋਲਚਾਲ ਦੀ ਬੋਲੀ ਦਾ ਪ੍ਰਯੋਗ ਕੀਤਾ ਜਾਵੇ ਜਿਹੜੀ ਕਿ ਆਮ ਸਾਧਰਣ ਲੋਕਾਂ ਨੂੰ ਸਮਝ ਆ ਸਕੇ। ਲੋਕੀ ਸ਼ਾਂਤੀ ਦੀ ਪ੍ਰਾਪਤੀ ਅਤੇ ਤਨਾਵ ਦੂਰ ਕਰਨ ਲਈ ਧਰਮ ਪੁਸਤਕਾਂ ਪੜ੍ਹਦੇ/ ਅਧਿਅਨ ਕਰਦੇ ਹਨ। ਜੇ ਔਖੀ ਭਾਸ਼ਾ ਵਿਚ ਅਨੁਵਾਦ ਪੁਸਤਕਾਂ ਪੜ੍ਹ ਕੇ ਉਨ੍ਹਾਂ ਦਾ ਸਿਰ ਹੀ ਦਰਦ ਹੋਣਾ ਹੈ, ਤਣਾਉ ਹੀ ਵਧਣਾ ਹੈ, ਤਾਂ ਉਹ ਇਨ੍ਹਾਂ ਨੂੰ ਕਿਉਂ ਪੜ੍ਹਨਗੇ ?

ਇਹ ਟ੍ਰਾਂਸਲੇਸ਼ਨ ਦਾ ਕੰਮ ਕੇਵਲ ਗੁਰਸਿੱਖਾਂ ਨੂੰ ਅਤੇ ਗੁਰਮਤਿ ਗਿਆਨ ਰਖਣ ਵਾਲਿਆਂ ਨੂੰ ਹੀ ਸੌਂਪਿਆ ਜਾਵੇ। ਨਹੀ ਤਾਂ ਅਨੁਵਾਦ ਹੋਏ ਲਿਟਰੇਚਰ ਵਿਚ ਵੀ ਅਨੁਵਾਦਕ ਦੇ ਧਰਮ ਦੀ ਪੁਠ ਰਹੇਗੀ ਹੀ। ਨਾਲੇ ਗੁਰਮਤਿ ਦੇ ਭਾਵਾਂ ਨੂੰ ਗੁਰਮਤਿ ਗਿਆਨੀ ਹੀ ਸਮਝ ਸਕਦਾ ਹੈ, ਦੂਸਰਾ ਨਹੀਂ।

ਕਿਸੇ ਵੀ ਭਾਸ਼ਾ ਜਾਂ ਸਾਹਿਤ ਦਾ ਸਟੈਂਡਰਡ ਦਾ ਅਨੁਮਾਨ ਉਸਦੇ ਸ਼ਬਦ ਰਤਨਾਂ ਤੋਂ ਹੀ ਲਾਇਆ ਜਾਂਦਾ ਹੈ, ਅਤੇ ਇਨ੍ਹਾਂ ਅਨਮੋਲ ਸ਼ਬਦ ਭੰਡਾਰਾਂ ਨੂੰ ਸਾਂਭ ਕੇ ਰਖਣ ਲਈ, ਮੁੜ-ਮੁੜ ਪ੍ਰਯੋਗ ਕਰਨ ਲਈ ਸ਼ਬਦਕੋਸ਼ਾਂ ਦਾ ਸਿਰਜਨ ਕੀਤਾ ਜਾਂਦਾ ਹੈ। ਸੋ, ਇਸਤੋਂ ਅਗਲੇ ਪੜਾਅ ਵਿਚ ਟ੍ਰਾਂਸਲੇਸ਼ਨ ਦੇ ਕੰਮ ਨੂੰ ਸੌਖਿਆਂ, ਸੁਚਾਰੂ ਅਤੇ ਪ੍ਰਭਾਵਸ਼ਾਲੀ ਬਣਾਨ ਲਈ, ਸਰਵਭਾਸ਼ੀ ਗੁਰਮਤਿ ਸ਼ਬਦਕੋਸ਼ਾਂ ਦੀ ਸਿਰਜਨਾ ਕੀਤੀ ਜਾਵੇ, ਜਿਸ ਵਿਚ ਗੁਰਮਤਿ ਦੇ ਖੇਤਰ ਵਿਚ ਪ੍ਰਯੋਗ ਹੋਣ ਵਾਲੇ ਸ਼ਬਦ ਦੇ ਦੂਜੀਆਂ ਬੋਲਿਆਂ ਵਿਚ ਬਦਲ ਜਾਂ ਅਰਥ ਹੋਣ। ਪਰ ਅਨੁਵਾਦ ਕਰਨ ਲਗਿਆਂ, ਖਾਲਸਈ ਬੋਲਿਆਂ, ਗੁਰਮਤਿ ਦੇ ਭਾਵਪੂਰਨ ਸ਼ਬਦਾਂ ਨੂੰ ਉਵੇਂ ਲਿਖਿਆ ਜਾਵੇ, ਭਾਵੇਂ ਬ੍ਰੈਕਟ ਜਾਂ ਫੁਟ ਨੋਟ ਵਿਚ ਉਸ ਦੇ ਵਿਸਤਾਰ ਸਹਿਤ ਅਰਥ ਦੇ ਦਿਤੇ ਜਾਣ। ਇਸ ਤਰ੍ਹਾਂ ਖਾਲਸਈ ਬੋਲਿਆਂ ਦਾ, ਗੁਰਮਤਿ ਦੇ ਠੇਠ ਸ਼ਬਦਾਂ ਦਾ, ਜਿਨ੍ਹਾਂ ਦੇ ਬੋਲਣ ਜਾਂ ਪ੍ਰਯੋਗ ਕਰਨ ਤੇ ਗੁਰਮਤਿ ਨਾਲ ਵਿਸ਼ੇਸ਼ ਨਿਕਟਤਾ ਦਾ ਭਾਵ ਅਤੇ ਸਾਂਝ ਪ੍ਰਗਟ ਹੁੰਦੀ ਹੈ, ਦੀ ਹੋਂਦ ਕਾਇਮ ਰਹੇਗੀ।

ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਜੋ ਕਿ ਸਿੱਖ ਧਰਮ ਪ੍ਰਚਾਰ ਲਈ ਜ਼ਿੰਮੇਵਾਰ ਹਨ, ਜਿਥੇ ਆਏ ਦਿਨ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਦੀਆਂ ਇਮਾਰਤਾਂ ਬਣਾ ਕੇ ਅਸਿਧੇ ਢੰਗ ਨਾਲ ਸਥਾਨਕ ਸਰਕਾਰਾਂ ਦੀ ਮਦਦ ਕਰਦੀਆਂ ਹਨ, ਉਥੇ ਸਾਡੀ ਕੇਂਦਰੀ ਜਥੇਬੰਦੀ ਸਰਵਭਾਸ਼ਾ ਟ੍ਰਾਂਸਲੇਸ਼ਨ ਅਤੇ ਪ੍ਰਕਾਸ਼ਨ ਬਿਊਰੋ ਦਾ ਪ੍ਰਾਜੈਕਟ ਹੱਥ ਵਿਚ ਲੈ ਕੇ ਸਿੱਖ ਧਰਮ ਪ੍ਰਚਾਰ ਵਿਚ ਆਪਣੇ ਅਗਾਂਹ ਵਧੂ ਹੋਣ ਦਾ ਸਬੂਤ ਦੇਵੇ।

ਇਹ ਕੰਮ ਅੱਜ ਜਾਂ ਕਲ੍ਹ ਵਿਚ ਸ਼ੁਰੂ ਹੋਣ ਵਾਲਾ ਨਹੀਂ ਹੈ। ਏਥੇ ਕੰਮ ਹੋਣ ਤੇ ਨਹੀਂ, ਸ਼ੁਰੂ ਹੋਣ ਤੇ ਜ਼ੋਰ ਦਿਤਾ ਜਾ ਰਿਹਾ ਹੈ। ਹਿੰਦੀ, ਅੰਗ੍ਰੇਜ਼ੀ ਅਤੇ ਇਕ ਦੋ ਹੋਰ ਆਮ ਭਾਸ਼ਾਵਾਂ ਦਾ ਕੰਮ ਤਾਂ ਛੇਤੀ ਹੀ ਸ਼ੁਰੂ ਹੋ ਸਕਦਾ ਹੈ; ਪਰ ਦੂਜੀਆਂ ਭਾਰਤੀ ਭਾਸ਼ਾਵਾਂ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਕਰਨ ਲਈ ਸਮਾਂ ਤਾਂ ਲਗੇਗਾ ਹੀ। ਪ੍ਰਬੰਧਕ ਕਮੇਟੀਆਂ, ਪੜ੍ਹੇ ਲਿਖੇ ਯੋਗ ਗੁਰਸਿੱਖ ਨੌਜੁਆਨਾਂ ਨੂੰ ਸਕਾਲਰਸ਼ਿਪ ਦੇ ਕੇ ਜਾਂ ਪੂਰੇ ਖਰਚੇ ਤੇ, ਦੂਜੀਆਂ ਬੋਲੀਆਂ ਦਾ ਗਿਆਨ ਪ੍ਰਾਪਤ ਕਰਨ ਲਈ ਚੰਗੀਆਂ (ਰਿਪਯੁਟੇਡ) ਸੰਸਥਾਵਾ ਵਿਚ ਘਲ ਸਕਦੀਆਂ ਹਨ। ਕੋਰਸ ਪੂਰਾ ਕਰਨ ਤੋਂ ਬਾਅਦ ਉਨ੍ਹਾਂ ਤਿਆਰ ਹੋਏ ਅਨੁਵਾਦਕਾਂ ਨੂੰ ਵਾਜਬ ਤਨਖਾਹਾਂ ਦੇ ਕੇ, ਟ੍ਰਾਂਸਲੇਸ਼ਨ ਬਿਊਰੋ ਵਿਚ ਉਲਥੇ ਅਤੇ ਪ੍ਰਕਾਸ਼ਨ ਦੇ ਕੰਮ ਤੇ ਲਾਇਆ ਜਾ ਸਕਦਾ ਹੈ। ਏਸ ਕੰਮ ਲਈ ਹਰੇਕ ਭਾਸ਼ਾ ਵਿਚ ਇੱਕਾ-ਦੁੱਕਾ ਅਨੁਵਾਦਕ ਰਖਣ ਨਾਲ ਗੱਲ ਬਣਨ ਵਾਲੀ ਨਹੀਂ, ਇਥੇ ਤਾਂ ਹਰ ਇਕ ਭਾਸ਼ਾ ਵਿਚ ਦਰਜਨਾਂ ਅਨੁਵਾਦਕਾਂ ਦੀ ਲੋੜ ਪਵੇਗੀ ਜੋ ਪੰਜਾਬੀ ਜਾਂ ਕਿਸੇ ਇਕ ਭਾਸ਼ਾ ਵਿਚ ਛਪ ਚੁਕਿਆ ਸਿੱਖ ਸਾਹਿਤ ਨਾਲੋ ਨਾਲ ਹੀ ਦੂਜੀਆਂ ਭਾਸ਼ਾਵਾਂ ਵਿਚ ਕਢਿਆ ਜਾ ਸਕੇ। ਇਸਦੇ ਨਾਲ ਹੀ ਵੱਖ-ਵੱਖ ਭਾਸ਼ਾਵਾਂ ਦੇ ਟਾਇਪਿਸਟਾਂ ਅਤੇ ਹੋਰ ਸਹਾਇਕ ਅਮਲੇ ਦੀ ਲੋੜ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਛਪਾਈ ਲਈ ਵੱਖ-ਵੱਖ ਭਾਸ਼ਾਵਾਂ ਦੀਆਂ ਪ੍ਰੈਸਾਂ ਦੀ ਜਾਣਕਾਰੀ ਵੀ ਰਖਣੀ ਪਵੇਗੀ।

ਫਿਲਹਾਲ ਜਦ ਤਕ ਉਪਰੋਕਤ ਅਨੁਵਾਦਕ ਪ੍ਰਾਪਤ ਨਹੀਂ ਹੁੰਦੇ (ਜਿਸਨੂੰ ਕਿ ਘਟੋ ਘਟ 10 ਸਾਲ ਦਾ ਸਮਾਂ ਲਗ ਸਕਦਾ ਹੈ) ਤਦ ਤਕ ਸਮਾਂ ਜ਼ਾਇਆ ਨਾ ਕਰਕੇ, ਇਹ ਕੰਮ ਉਨ੍ਹਾਂ ਗੁਰਸਿੱਖਾਂ ਕੋਲੋਂ ਕਰਵਾਇਆ ਜਾ ਸਕਦਾ ਹੈ ਜੋ ਵੱਖੋ-ਵਖ ਭਾਸ਼ਾਵਾਂ ਦਾ ਗਿਆਨ ਰਖਦੇ ਹਨ ਅਤੇ ਉਲਥੇ ਦੇ ਕੰਮ ਵਿਚ ਵੱਖ ਵੱਖ ਥਾਵਾਂ ਤੇ ਲਗੇ ਹੋਏ ਹਨ ਜਾਂ ਇਹ ਕੰਮ ਕਰਦੇ ਹੋਏ ਰਿਟਾਇਰ ਹੋ ਚੁਕੇ ਹਨ। ਇਹ ਕੰਮ ਉਨ੍ਹਾਂ ਨੂੰ ਠੇਕੇ ਤੇ ਦਿਤਾ ਜਾ ਸਕਦਾ ਹੈ, ਜਾਂ ਕਿਸੇ ਪ੍ਰਕਾਰ ਦਾ ਆਨਰੇਰਿਅਮ ਵੀ ਦਿਤਾ ਜਾ ਸਕਦਾ ਹੈ। ਸੰਭਵ ਹੈ ਕੁਝ-ਕੁ ਗੁਰਮਤਿ ਸ਼ਰਧਾਲੂ ਸਿੰਘ ਬਿਨਾਂ ਭੇਟਾ ਤੋਂ ਵੀ ਇਸ ਕੰਮ ਨੂੰ ਪ੍ਰਵਾਨ ਕਰ ਲੈਣ। ਲੋੜ ਉਨ੍ਹਾਂ ਨੂੰ ਲੱਭਣ ਦੀ, ਆਈਡੈਂਟੀਫਾਈ ਕਰਨ ਦੀ, ਅਤੇ ਪ੍ਰੇਰਨ ਦੀ ਹੈ। ਪਰ ਇਕ ਗੱਲ ਪੱਕੀ ਹੈ ਕਿ ਇਹ ਪ੍ਰਬੰਧ ਬਿਲਕੁਲ ਅਸਥਾਈ ਹੋਵੇਗਾ, ਜਦ ਤਕ ਕਿ ਰੇਗੂਲਰ ਅਨੁਵਾਦਕ ਟਰੇਂਡ ਹੋ ਕੇ ਨਹੀਂ ਆ ਜਾਂਦੇ। ਰੇਗੂਲਰ ਅਨੁਵਾਦਕ ਭਰਤੀ ਹੋ ਜਾਣ ਤੋਂ ਬਾਅਦ, ਕੰਮ ਵਾਲੇ ਅਮਲੇ ਨੂੰ ਐਡੀਸ਼ਨਲ ਅਮਲੇ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਉਨ੍ਹਾਂ ਦਾ ਪੈਨਲ ਬਣਾ ਕੇ ਰਖਿਆ ਜਾ ਸਕਦਾ ਹੈ।

ਅੱਜ ਧਰਮ ਪ੍ਰਚਾਰ ਦੇ ਖੇਤਰ ਵਿਚ, ਜਦ ਕਿ ਪੈਂਡੇ ਪੈਂਡੇ ਤੇ ਹੋਰਨਾਂ ਧਰਮਾਂ ਦੁਆਰਾ ਵਰਤੀਆਂ ਜਾ ਰਹੀਆਂ ਆਧੁਨਿਕ ਤਕਨੀਕਾਂ ਦੀ ਪ੍ਰਤੀਯੋਗਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ (ਅਸੀਂ ਪ੍ਰਤਿਯੋਗਤਾ ਵਿਚ ਪਏ ਹੀ ਕਿਥੇ ਹਾਂ) ਸਿੱਖ ਕੌਮ ਨੂੰ ਚਾਹੀਦਾ ਹੈ ਕਿ ਉਹ ਸਰਵਭਾਸ਼ਾ ਸਿੱਖ ਸਾਹਿਤ ਦੀ ਮੋਹਰ ਲਗੇ ਹੋਏ ਸਾਹਿਤ ਦੀ ਸਿਰਜਨਾ ਦਾ ਕੰਮ, ਕੇਂਦਰੀ ਸਿੱਖ ਜਥੇਬੰਦੀ ਹੀ ਕਰ ਸਕਦੀ ਹੈ। ਸੋ ਅੱਜ ਲੋੜ ਹੈ ਪੰਥ ਦਰਦੀਆਂ ਇਸ ਕੰਮ ਵਲ ਧਿਆਨ ਦੇਣ ਦੀ।

ਅਸੀਂ ਕਿਸੇ ਵੀ ਹਾਲਤ ਵਿਚ ਗੁਰਮਤਿ ਨੂੰ, ਜੀਵਨ ਮਾਰਗ ਦੇ ਅਦੁੱਤੀ ਸਰਵਪੱਖੀ ਅਤੇ ਵਿਸ਼ਵਵਿਆਪੀ ਮਾਨਵੀ ਸਿਧਾਂਤਾਂ ਨੂੰ, ਆਮ ਲੋਕਾਂ ਤੋਂ ਦੂਰ, ਇਕੋ-ਇਕ ਭਾਸ਼ਾ (ਪੰਜਾਬੀ) ਵਿਚ ਗ੍ਰਿਫਤਾਰ ਕਰਕੇ, ਛੁਪਾ ਕੇ ਨਹੀਂ ਰੱਖ ਸਕਦੇ। ਅਸੀਂ ਇਹ ਗੁਰਮਤਿ ਗਿਆਨ-ਦਸ ਗੁਰੂ ਸਾਹਿਬਾਨ ਦਾ ਸੰਦੇਸ਼, ਸੰਸਾਰ ਦੀ ਲੋਕਾਈ ਤਕ ਪਹੁੰਚਾਣਾ ਹੀ ਹੈ, ਅਤੇ ਉਸ ਦੇ ਪਹੁੰਚਾਣ ਦਾ ਇਕੋ-ਇਕ ਢੰਗ ਅਤੇ ਹਲ ਹੈ—ਸਰਵਭਾਸ਼ੀ, ਸਾਰੇ ਦੇਸ਼ ਅਤੇ ਵਿਸ਼ਵ ਦੀਆਂ ਬੋਲੀਆਂ ਵਿਚ ਸਿੱਖ ਸਾਹਿਤ ਦੀ ਸਿਰਜਨਾ।

ਨਹੀਂ ਤਾਂ ਹੋਵੇਗਾ ਕੀ, ਦੂਜੇ ਲੋਕ ਪ੍ਰਤਿਯੋਗਿਤਾ ਦੀ ਲਹਿਰ ਵਿਚ ਸਾਡੀਆਂ ਬੋਲੀਆਂ ਅੰਦਰ ਆਪਣੇ ਵਿਚਾਰ ਸਾਡੇ ਮਨਾਂ ਅਤੇ ਦਿਮਾਗਾਂ ਅੰਦਰ ਵਿਛਾਂਦੇ ਜਾਣਗੇ। ਅਸੀਂ ਉਨ੍ਹਾਂ ਤੋਂ ਪ੍ਰਭਾਵਤ ਹੁੰਦੇ ਜਾਵਾਂਗੇ। ਉਨ੍ਹਾਂ ਨੂੰ ਆਪਣੇ ਵਿਚਾਰਾਂ ਤੋਂ ਪ੍ਰਭਾਵਿਤ ਤਾਂ ਕੀ, ਜਾਣੂ ਵੀ ਨਹੀਂ ਕਰਾ ਸਕਾਂਗੇ। ਅਤੇ ਅੰਤ ਬੜਾ ਦੁਖਦਾਈ ਹੋਵੇਗਾ, ਜਿਹਾ ਕਿ ਬੁੱਧ, ਜੈਨ ਅਤੇ ਹੋਰਨਾਂ ਧਰਮਾਂ ਦਾ ਹੋਇਆ ਹੈ। ਅਰਥਾਤ ਆਸੇ ਪਾਸੇ ਦੇ ਵਾਤਾਵਰਣ ਦੇ ਪੱਖੋਂ ਪ੍ਰਭਾਵਸ਼ਾਲੀ ਧਰਮ ਵਿਚ ਵਿਲਯ ਤੇ ਉਹ ਵਿਲਯ ਹੋਵੇਗਾ, ਹਿੰਦੂ ਧਰਮ ਵਿਚ। ਕੀ ਤੁਸੀਂ ਇਸਨੂੰ ਸਹਾਰ ਸਕਦੇ ਹੋ? ਜੇ ਨਹੀਂ, ਤਾਂ ਹੁਣੇ ਤੋਂ ਕਮਰਕੱਸੇ ਕਰ ਲਵੋ। ❖❖❖

ਸਰਗਰਮੀਆਂ *(ਪੰਨਾ 25 ਦਾ ਬਾਕੀ)*

ਜਾਣਕਾਰੀ ਦਿੱਤੀ। ਘਮੌਰ, ਜਾਡਲਾ, ਕਿਸ਼ਨਪੁਰੇ ਆਦਿ ਪਿੰਡਾਂ ਵਿੱਚ ਵੀ ਸਿੱਖੀ ਪਰਚਾਰ ਦੀ ਲਹਿਰ ਨੂੰ ਬੜੇ ਜ਼ੋਰ-ਸ਼ੋਰ ਨਾਲ ਚਲਾਇਆ ਜਾ ਰਿਹਾ ਹੈ।

ਇਲਾਕੇ ਦੀ ਸੰਗਤਾਂ ਨੂੰ ਚਾਹੀਦਾ ਹੈ ਕਿ ਸਿੱਖ ਮਿਸ਼ਨਰੀ ਕਾਲਜ ਦੇ ਮਜਾਰੀ ਤੇ ਬਲਾਚੌਰ ਸਰਕਲ ਨਾਲ ਸੰਪਰਕ ਕਰਕੇ ਗੁਰਮਤਿ ਪ੍ਰਚਾਰ ਲਈ ਚਲਾਏ ਜਾ ਰਹੇਂ, ਪ੍ਰੋਜੈਕਟਾਂ ਬਾਰੇ ਜਾਣਕਾਰੀ ਹਾਸਿਲ ਕਰਨ ਅਤੇ ਸਿੱਖ ਇਤਿਹਾਸ, ਗੁਰਬਾਣੀ ਤੇ ਸਿੱਖ ਰਹਿਤ ਮਰਿਆਦਾ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਸਰਕਲ ਨੂੰ ਸਹਿਯੋਗ ਦੇਣ। ਇਸ ਸਰਕਲ ਕੋਲ ਨਿਸ਼ਕਾਮ ਗੁਰਮਤਿ ਪ੍ਰਚਾਰ ਸੇਵਾ ਹਿੱਤ 'ਸਿੱਖ ਫੁਲਵਾੜੀ' ਮਾਸਿਕ ਪੱਤਰ ਅਤੇ ਦੋ-ਸਾਲਾ-ਮਿਸ਼ਨਰੀ ਕੋਰਸ ਵੱਧ ਤੋਂ ਵੱਧ ਲਗਵਾ ਕੇ ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਨੂੰ ਸੰਭਾਲਿਆ ਜਾਵੇ।

ਕੁਰਾਲੀ : ਗੁਰਦੁਆਰਾ ਸ੍ਰੀ ਹਰਿਗੋਬਿੰਦਗੜ੍ਹ, ਮੋਰਿੰਡਾ ਰੋਡ, ਕੁਰਾਲੀ ਵਿਖੇ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਦੇ ਕੁਰਾਲੀ ਸਰਕਲ ਦੇ ਵੀਰਾਂ ਵਲੋਂ, ਖਾਲਸੇ ਦੇ ਤਿੰਨ ਸੌ ਸਾਲਾ ਸਾਜਨਾ ਦਿਵਸ, ਸੰਨ 1999 ਨੂੰ ਅੰਮ੍ਰਿਤਧਾਰੀ ਹੋ ਕੇ ਮਨਾਉਣ ਲਈ ਤਿਆਰੀ ਵਜੋਂ ਗੁਰਮਤਿ ਸਮਾਗਮ, ਪ੍ਰਬੰਧਕਾਂ ਤੇ ਕਲਗੀਧਰ ਸੇਵਕ ਜਥੇ ਦੇ ਸਹਿਯੋਗ ਨਾਲ ਕੀਤਾ ਗਿਆ। ਮਿਤੀ 15-2-97 ਨੂੰ ਇਸ ਸਮਾਗਮ ਵਿੱਚ ਮਿਸ਼ਨਰੀ ਜਥੇ ਨੇ ਰਸ ਭਿੰਨਾ ਕੀਰਤਨ ਕਰਕੇ ਸ੍ਰੀ ਅਨੰਦਪੁਰ ਸਾਹਿਬ ਤੋਂ ਹਾਜ਼ਰੀ ਲਗਵਾਈ। ਹੋਰ ਰਾਗੀ ਜਥੇ ਤੇ ਢਾਡੀ ਜਥੇ ਤੋਂ ਇਲਾਵਾ 'ਸਿੰਘ ਸਜੋ ਲਹਿਰ' ਦੀ ਅਗਵਾਈ ਕਰ ਰਹੇ ਭਾਈ ਸਾਹਿਬ ਭਾਈ ਜਸਵੀਰ ਸਿੰਘ (ਖੰਨੇ ਵਾਲੇ) ਨੇ ਕੀਰਤਨ ਤੇ ਸ਼ਬਦ ਵੀਚਾਰ ਰਾਹੀਂ ਸਿੱਖ ਕੌਮ ਨੂੰ ਅੰਮ੍ਰਿਤਧਾਰੀ ਹੋ ਕੇ ਚੜ੍ਹਦੀ ਕਲਾ ਵਾਲਾ ਜੀਵਨ ਜੀਉਣ ਦੀ ਜੁਗਤ ਦੱਸੀ। ਭਾਈ ਹਰਦੀਪ ਸਿੰਘ ਮੈਂਬਰ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਲਕਾ ਮੋਹਾਲੀ ਨੇ ਪੂਰਨ ਸਹਿਯੋਗ ਤੇ ਅਗਵਾਈ ਦੇ ਕੇ ਇਸ ਗੁਰਮਤਿ ਸਮਾਗਮ ਨੂੰ ਸਫਲ ਬਣਾਇਆ। ਸੰਗਤਾਂ ਵਿਚ ਕੁਰਾਲੀ ਸਰਕਲ ਦੇ ਵੀਰਾਂ ਵਲੋਂ ਫਰੀ ਲਿਟਰੇਚਰ ਵੰਡ ਕੇ ਚੇਤੰਨਤਾ ਪੈਦਾ ਕੀਤੀ ਗਈ। ਗੁਰਮਤਿ ਪੁਸਤਕਾਂ ਦੀ ਸਟਾਲ ਤੋਂ ਸੰਗਤਾਂ ਨੇ ਲਾਹਾ ਖੱਟਿਆ।

ਸਰਕਲ ਕੱਥੂਨੰਗਲ (Asr.)

ਕੱਥੂਨੰਗਲ ਸਰਕਲ ਵੱਲੋਂ ਹੇਠ ਅਨੁਸਾਰ ਗੁਰਮਤਿ ਸਮਾਗਮ ਕੀਤੇ ਗਏ —

3.2.98, ਪਿੰਡ ਰਿਆਲੀ ਕਲਾਂ, ਤਹਿ. ਬਟਾਲਾ।

21.2.98, ਪਿੰਡ ਠੱਠਾ, ਨੇੜੇ ਫਤਿਹਗੜ੍ਹ ਚੂੜੀਆਂ।

ਉਪਰੋਕਤ ਸਮਾਗਮਾਂ ਵਿਚ ਸਰਕਲ ਵੱਲੋਂ ਭਾਈ ਮਨਜੀਤ ਸਿੰਘ ਜੇਠੂਵਾਲ, ਮਾਸਟਰ ਅਵਤਾਰ ਸਿੰਘ ਸੋਹਲ, ਪ੍ਰੇਮਜੀਤ ਸਿੰਘ ਢੱਡੇ ਅਤੇ ਗੁਰਚਰਨ ਸਿੰਘ ਨੇ ਵੱਖ ਵੱਖ ਵਿਸ਼ਿਆਂ ਤੇ ਗੁਰਮਤਿ ਵੀਚਾਰਾਂ ਪੇਸ਼ ਕੀਤੀਆਂ। ਧਾਰਮਿਕ ਡਰਾਮੇ ਅਤੇ ਕਵੀਸ਼ਰੀ ਵੀ ਪੇਸ਼ ਕੀਤੀ ਗਈ। ❖❖❖

ਸਰਕਲਾਂ ਦੀਆਂ ਸਰਗਰਮੀਆਂ

ਦਿੱਲੀ

1. ਦਿੱਲੀ ਵਿਚ ਤਿਲਕ ਨਗਰ ਇਲਾਕੇ ਦੇ ਸਰਕਲ ਸਾਹਿਬਪੁਰੇ ਦੇ ਸ. ਚਮਨ ਸਿੰਘ, ਸ. ਜਸਪਾਲ ਸਿੰਘ ਤੇ ਸਹਿਯੋਗੀਆਂ ਨੇ 15 ਦਿਨਾਂ ਵਿਚ 75 ਨਵੇਂ ਮੈਗਜ਼ੀਨ ਬੁੱਕ ਕੀਤੇ ਹਨ ਅਤੇ ਇਨ੍ਹਾਂ ਨੂੰ ਦਸਤੀ ਦੇਣ ਦਾ ਪ੍ਰਬੰਧ ਕੀਤਾ ਹੈ।

2. ਦਿੱਲੀ ਵਿਚ ਇਕ ਵਿਸ਼ੇਸ਼ ਕੇਂਦਰੀ ਮਿਸ਼ਨਰੀ ਕਲਾਸ ਹਰ ਮਹੀਨੇ ਦੇ ਦੂਜੇ ਐਤਵਾਰ ਨੂੰ ਬਲਾਕ ਨੰ. 1, ਰਜਿੰਦਰ ਨਗਰ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ 9½ ਵਜੇ ਤੋਂ 11½ ਤਕ ਲਗਦੀ ਹੈ ਜਿਸ ਵਿਚ ਗੁਰਬਾਣੀ ਇਤਿਹਾਸ ਤੇ ਸਿੱਖ ਸਿਧਾਂਤਾਂ ਤੇ ਵਿਚਾਰ ਹੁੰਦੀ ਹੈ।

3. ਦਿੱਲੀ ਵਿਚ ਹਰੀ ਨਗਰ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਇਕ ਮਿਸ਼ਨਰੀ ਕਲਾਸ ਸਵੇਰੇ 9½ ਵਜੇ ਤੋਂ 11½ ਤਕ ਲਗਦੀ ਹੈ। ਬੁੱਧਵਾਰ ਸ਼ੁਕਰਵਾਰ ਸ਼ਾਮ ਨੂੰ ਵੀ ਲਗਦੀ ਹੈ ਜਿਸ ਵਿਚ ਪਤਰ ਵਿਹਾਰ ਕੋਰਸ ਕਰ ਰਹੇ ਵੀਰ ਤੇ ਭੈਣਾਂ ਹਿੱਸਾ ਲੈ ਰਹੇ ਹਨ।

ਅਸਲਾਮਾਬਾਦ (ਹੁਸ਼ਿਆਰਪੁਰ)

ਸਰਕਲ ਵਲੋਂ ਹਰ ਐਤਵਾਰ ਪਿੰਡ ਲਾਂਬੜਾ ਕਾਂਗੜੀ ਦੇ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇਸ ਕਲਾਸ ਲਈ ਗੁਰਦੁਆਰਾ ਕਮੇਟੀ ਨੇ ਪੂਰਾ ਸਹਿਯੋਗ ਦਿੱਤਾ ਹੈ। ਕਲਾਸ ਵਿਚ 50 ਬੱਚੇ ਧਾਰਮਿਕ ਸਿਖਿਆ ਗ੍ਰਹਿਣ ਕਰਨ ਲਈ ਆਉਂਦੇ ਹਨ। ਕਲਾਸ ਦਾ ਸਮਾਂ ਸ਼ਾਮ ਨੂੰ 3½ ਵਜੇ ਤੋਂ 6 ਵਜੇ ਤਕ ਹੈ।

ਚੰਦਰੀਗਾਮ ਤਰਾਲ (ਕਸ਼ਮੀਰ)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜਨਮ ਦਿਨ ਤੇ ਇਥੇ ਮਿਸ਼ਨਰੀ ਵੀਰਾਂ ਨੇ ਬੱਚਿਆਂ ਦੀ ਗੁਰਮਤਿ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਸੀ। ਬੱਚਿਆਂ ਦੇ ਤਿੰਨ group ਬਣਾਏ ਸਨ। (ੳ group, ਅ group, ੲ group).

ੳ group ਵਿਚ ਬੀਬੀ ਜਗਜੀਤ ਕੌਰ ਤੇ ਅ group ਵਿਚ ਰਵਿੰਦਰ ਸਿੰਘ ਅਤੇ ੲ group ਵਿਚ ਸ. ਸੁਖਵਿੰਦਰ ਸਿੰਘ ਜੀ ਨੂੰ ਪਹਿਲਾ ਦਰਜਾ ਪ੍ਰਾਪਤ ਕੀਤਾ।

ਗੋਪਲਜ਼ਾਂ (ਜ਼ਿਲ੍ਹਾ ਜਲੰਧਰ)

ਸਰਕਲ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਐਤਵਾਰ ਨੂੰ ਦੁਪਹਿਰ 2.30 ਤੋਂ 3.30 ਤੱਕ ਕੀਰਤਨ-ਸਿਖਲਾਈ ਦੀ ਕਲਾਸ ਲਾਈ ਜਾਂਦੀ ਹੈ। ਸ: ਨਿਰਮਲ ਸਿੰਘ 'ਕੋਮਲ', ਐਮ. ਏ. ਮਿਊਜ਼ਿਕ (ਰੇਡੀਓ ਕਲਾਕਾਰ) ਕੀਰਤਨ ਸਿਖਲਾਈ ਦੀ ਸੇਵਾ ਨਿਸ਼ਕਾਮ ਤੌਰ ਤੇ ਨਿਭਾ ਰਹੇ ਹਨ। ਸਰਕਲ ਨੇ ਪੰਜ-ਕੀਰਤਨੀ ਜਥੇ ਤਿਆਰ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਕੀਰਤਨ ਸਿੱਖਣ ਦੇ ਚਾਹਵਾਨ ਸਰਕਲ ਇੰਚਾਰਜ ਸ: ਤਜਿੰਦਰ ਸਿੰਘ ਨਾਲ ਸੰਪਰਕ ਕਰਨ।

ਅੰਬਾਲਾ

ਸੰਨ 1999 ਨੂੰ ਖਾਲਸੇ ਦੇ ਤਿੰਨ ਸੌ ਸਾਲਾ ਸਾਜਨਾ ਦਿਵਸ ਨੂੰ ਸਮਰਪਿਤ, 'ਸਿੰਘ ਸਜੋ ਲਹਿਰ' ਤਹਿਤ, ਮਿਸ਼ਨਰੀ ਵੀਰਾਂ ਨੇ ਗੁਰਮਤਿ ਸਮਾਗਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਸ਼ਲਾਘਾਯੋਗ ਸਫਲਤਾ ਪ੍ਰਾਪਤ ਕੀਤੀ ਹੈ। ਮੋਹਾਲੀ, ਚੰਡੀਗੜ੍ਹ, ਪਾਨੀਪਤ ਤੇ ਅੰਬਾਲਾ ਸਰਕਲ ਦੇ ਵੀਰਾਂ ਨੇ ਪੂਰੀ ਲਗਨ ਨਾਲ ਇਨ੍ਹਾਂ ਸਮਾਗਮਾਂ ਵਿਚ ਲੈਕਚਰ, ਕਥਾ, ਕੀਰਤਨ ਰਾਹੀਂ ਵੱਧ ਚੜ੍ਹ ਕੇ ਹਿੱਸਾ ਪਾਇਆ ਤੇ ਸੰਗਤਾਂ ਨੂੰ ਗੁਰੂ ਵਾਲੇ ਬਣਨ ਲਈ ਉਤਸ਼ਾਹਿਤ ਕੀਤਾ ਗਿਆ। ਗੁਰਦੁਆਰਾ ਗੋਬਿੰਦ ਨਗਰ, ਗੁ: ਪ੍ਰੇਮ ਨਗਰ, ਗੁ: ਸਤਿ ਸੰਗਤ ਸਾਹਿਬ, ਗੁ: ਬਾਦਸ਼ਾਹੀ ਬਾਗ, ਗੁ: ਮੰਜੀ ਸਾਹਿਬ ਅੰਬਾਲਾ ਵਿਖੇ ਭਾਰੀ ਦੀਵਾਨ ਸਜਾਏ ਗਏ ਜਿਥੇ ਸੰਗਤਾਂ ਦੀ ਗਿਣਤੀ ਚੋਖੀ ਰਹੀ।

ਅੰਮ੍ਰਿਤ ਸੰਚਾਰ ਪ੍ਰੋਗਰਾਮਾਂ ਸਮੇਂ ਗੁ: ਗੋਬਿੰਦਪੁਰਾ ਅੰਬਾਲਾ ਵਿਖੇ 148 ਪ੍ਰਾਣੀ, ਗੁ: ਪ੍ਰੇਮ ਨਗਰ ਵਿਖੇ 30 ਪ੍ਰਾਣੀ, ਗੁ: ਮੰਜੀ ਸਾਹਿਬ ਵਿਖੇ 91 ਪ੍ਰਾਣੀ, ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਕਕਾਰਾਂ ਦੀ ਮੁਫਤ ਸੇਵਾ 'ਸੁਖਮਨੀ ਸਾਹਿਬ ਸੁਸਾਇਟੀ' ਅੰਬਾਲਾ ਵਲੋਂ ਕੀਤੀ ਗਈ। ਇਸਮਾਈਲਾਬਾਦ ਸਰਕਲ ਦੇ ਬੱਚਿਆਂ ਨੇ ਇਨ੍ਹਾਂ ਗੁਰਮਤਿ ਸਮਾਗਮਾਂ ਵਿੱਚ ਹਾਜ਼ਰੀ ਭਰੀ ਤੇ

ਖਾਲੜਾ

ਸਰਕਲ ਦੇ ਵੀਰਾਂ ਵੱਲੋਂ, ਸੰਗਤਾਂ ਨੂੰ ਸਿੱਖ ਵਿਰਸੇ ਨਾਲ ਜੋੜਨ ਲਈ, 7 ਦਸੰਬਰ 1997 ਨੂੰ ਪਿੰਡ ਮਾਹਣੇ ਵਿਖੇ ਗੁਰਮਤਿ ਸਮਾਗਮ ਕੀਤਾ ਗਿਆ। ਸੰਗਤਾਂ ਨੂੰ ਦੇਹਧਾਰੀ ਗੁਰੂ ਡੰਮ੍ਹ ਤੋਂ ਬੱਚਣ ਲਈ ਪ੍ਰੇਰਨਾ ਕੀਤੀ ਗਈ ਤੇ ਸ਼ਬਦ-ਗੁਰੂ, ਗੁਰੂ ਗਰੰਥ ਸਾਹਿਬ ਜੀ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ ਗਿਆ। ਨਗਰ ਕੀਰਤਨ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਦੇ ਸੰਬੰਧ ਵਿਚ ਕੀਤਾ ਗਿਆ ਅਤੇ ਸੰਗਤਾਂ ਨੂੰ ਫਰੀ ਲਿਟਰੇਚਰ ਵੰਡਿਆ ਗਿਆ। ਮਿਸ਼ਨਰੀ ਬੀਬੀਆਂ ਨੇ ਰਸ-ਭਿੰਨਾ ਕੀਰਤਨ ਕੀਤਾ। ਭਾਈ ਭਗਵਾਨ ਸਿੰਘ ਜੀ ਵੱਲੋਂ ਸੰਗਤਾਂ ਨੂੰ ਗੁਰੂ ਜੀ ਦੀ ਸ਼ਹਾਦਤ ਦੇ ਕਾਰਨ ਤੇ ਘਟਨਾਵਾਂ ਤੋਂ ਜਾਣੂ ਕਰਵਾਇਆ ਗਿਆ। ਗੁਰੂ ਜੀ ਦੀ ਬਾਣੀ ਤੋਂ ਸੇਧ ਲੈਣ ਲਈ ਸੰਗਤਾਂ ਵਿਚ ਭਾਰੀ ਜੋਸ਼ ਸੀ।

ਮਜਾਰੀ (ਨਵਾਂ ਸ਼ਹਿਰ) ਸਰਕਲ

ਪੰਥ ਦਰਦੀ ਵੀਰਾਂ ਵੱਲੋਂ ਇਸ ਸਰਕਲ ਅਧੀਨ ਮੈਗਜ਼ੀਨ ਬੁੱਕ ਕਰਨ, ਦੋ ਸਾਲਾ ਮਿਸ਼ਨਰੀ ਕੋਰਸ ਕਰਾਉਣ ਦੀ ਸੇਵਾ ਬੜੇ ਉਤਸ਼ਾਹ ਤੇ ਲਗਨ ਨਾਲ ਕੀਤੀ ਜਾ ਰਹੀ ਹੈ। ਵੀਰ ਸ. ਗੁਰਦੀਪ ਸਿੰਘ, ਮਿਸ਼ਨਰੀ ਕਲਾਸ ਵੀ ਚਲਾ ਰਹੇ ਹਨ। ਬਲਾਚੌਰ ਸਰਕਲ ਦੇ ਸਹਿਯੋਗ ਨਾਲ ਕਥਾ ਦੀ ਸੇਵਾ ਕੀਤੀ ਜਾਂਦੀ ਹੈ। ਭਾਈ ਸੁਖਵੀਰ ਸਿੰਘ ਨੇ ਪਿੰਡ ਕਰੋਰ, ਹਿਆਤਪੁਰ, ਰੁੜਕੀ ਵਿੱਚ ਕਥਾ ਕਰਕੇ ਸੰਗਤਾਂ ਨੂੰ ਗੁਰਮਤਿ ਸਿਧਾਂਤਾਂ ਦੀ

(ਬਾਕੀ ਪੰਨਾ 24 ਤੇ)

ਪੀਵਹੁ ਪਾਹੁਲ ਖੰਡੇ ਧਾਰ

— ਡਾ. ਕੁਲਦੀਪ ਕੌਰ (ਮੋਹਾਲੀ)

ਭਾਈ ਗੁਰਦਾਸ ਸਿੰਘ ਨੇ ਆਪਣੀ ਵਾਰ ਦੀ ਪਹਿਲੀ ਪਉੜੀ ਵਿੱਚ ਖੰਡੇਧਾਰ ਪਾਹੁਲ ਛਕ ਕੇ ਮਾਣਸ ਜਨਮ ਨੂੰ ਸੁਹੇਲਾ ਬਣਾਉਣ ਦਾ ਸੁੱਖਲਾ ਤੇ ਪਧਰਾ ਰਾਹ ਦਸਿਆ ਹੈ। ਇਸ ਪਾਹੁਲ ਨਾਲ 'ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ।' ਸੰਗਤ ਦੀ ਸਥਾਪਨਾ ਕੀਤੀ ਸੀ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਨੇ। ਵੇਈਂ ਵਿੱਚੋਂ ਬਾਹਰ ਆਕੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਬੁਲੰਦ ਕਰਕੇ ਸਭ ਨੂੰ ਚਕ੍ਰਿਤ ਕਰ ਦਿੱਤਾ। ਫਿਰ ਮਰਦਾਨੇ ਰਬਾਬੀ ਨੂੰ ਸੰਗੀ ਬਣਾ ਕੇ ਕਈ ਵਰ੍ਹੇ ਉਦਾਸੀਆਂ ਅਥਵਾ ਪ੍ਰਚਾਰ ਫੇਰੀਆਂ ਵਿਚ ਬਿਤਾਏ। 'ਇਕ ਸਿੱਖ ਦੋਇ ਸਾਧ ਸੰਗ।' ਅਪਰੰਪਰ ਪਾਰਬ੍ਰਹਮ ਪਰਮੇਸ਼ਰ ਤੋਂ ਵਰੋਸਾਇਆ ਸਿੱਖ ਗੁਰੂ ਨਾਨਕ, ਜਿਸਨੂੰ ਗੁਰਪਰਮੇਸ਼ਰ ਦਾ ਪਦ ਪ੍ਰਾਪਤ ਹੋਇਆ ਸੀ ਅਤੇ ਦੂਸਰਾ ਮਰਦਾਨਾ, ਪਹਿਲਾ ਰਬਾਬੀ ਸਿੱਖ, ਇਹ ਸਾਧ ਸੰਗ ਟੁਰ ਪਿਆ ਧਰਤ ਲੁਕਾਈ ਨੂੰ ਸੋਧਣ ਲਈ। ਚਾਰ ਉਦਾਸੀਆਂ ਪਿਛੋਂ ਵਾਪਸ ਆ ਕੇ ਕਰਤਾਰਪੁਰ ਨਗਰ ਵਸਾਇਆ ਅਤੇ ਪਰਿਵਾਰ ਸਮੇਤ ਉੱਥੇ ਬੈਠ ਕੇ ਆਪਣੇ ਉਪਦੇਸ਼ਾਂ ਨੂੰ ਰੂਪਮਾਨ ਕੀਤਾ। "ਕਿਰਤ ਵਿਰਤ ਕਰ ਧਰਮ ਦੀ ਖੱਟ ਖਵਾਲਣ ਕਾਰ ਕਰੇਹੀ।" ਇਹ ਸਿੱਖੀ ਦਾ ਪਹਿਲਾ ਕੇਂਦ੍ਰ ਬਣਿਆ। ਸੰਗਤ ਹੋਂਦ ਵਿਚ ਆ ਗਈ। ਉੱਚੇ ਨੀਵੇਂ ਸਭ ਇਸ ਸੰਗਤ ਵਿਚ ਸ਼ਾਮਲ ਸਨ। '**ਨੀਚਾ ਅੰਦਰ ਨੀਚ ਜਾਤ ਨੀਚੀ ਹੂ ਅਤਿ ਨੀਚ**' ਨੂੰ ਸੰਭਾਲਿਆ ਅਤੇ ਆਪਣੀ ਮਿਹਰ ਦੀ ਨਦਰ ਨਾਲ ਨਿਵਾਜਿਆ। ਬ੍ਰਾਹਮਣਾਂ, ਖਤਰੀਆਂ, ਸ਼ੂਦਰਾਂ, ਰਾਜਿਆਂ, ਕਾਰਿੰਦਿਆਂ, ਕਾਮਿਆਂ ਨੂੰ ਇਕ ਸੰਗਤ ਤੇ ਇਕ ਪੰਗਤ ਵਿਚ ਬਿਠਾਇਆ। ਧਰਮ ਦੀਆਂ ਪ੍ਰਾਚੀਨ ਕਦਰਾਂ ਕੀਮਤਾਂ ਤੇ ਕਰੜੀ ਸੱਟ ਮਾਰੀ। ਰਾਜ ਸੱਤਾ ਨੂੰ ਵੰਗਾਰਿਆ।

ਇਹ ਰਾਹ ਖੰਨਿਅਹੁ ਤਿੱਖਾ ਤੇ ਵਾਲਹੁ ਨਿੱਕਾ ਸੀ। 'ਖੰਡੇ ਧਾਰ ਗਲੀ ਅਤਿ ਭੀੜੀ' ਵਿਚੋਂ ਲੰਘਣ ਲਈ ਆਤਮ ਬਲ ਦੀ ਲੋੜ ਹੁੰਦੀ ਹੈ। ਆਪਾ ਵਾਰਨ ਤੇ ਮੌਤ ਨੂੰ ਖਿੜੇ ਮੱਥੇ ਗਲਵਕੜੀ ਪਾਉਣ ਵਾਲਾ ਹੀ ਇਸ ਰਾਹ ਦਾ ਪਾਂਧੀ ਬਣ ਸਕਦਾ ਹੈ। ਗੁਰੂ ਪ੍ਰੇਮ ਹੀ ਅਜਿਹੀ ਆਪਾਵਾਰੂ ਬ੍ਰਿਤੀ ਪੈਦਾ ਕਰਨ ਦੇ ਸਮਰੱਥ ਹੁੰਦਾ ਹੈ। ਗੁਰੂ ਨਾਨਕ ਨੇ ਪ੍ਰੇਮ-ਪਰੀਖਿਆ ਲਈ ਜੋ ਪਰਚਾ ਪਾਇਆ ਉਹ ਇਸ ਤਰ੍ਹਾਂ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ *(ਪੰਨਾ ੧੪੧੨)*

ਪ੍ਰੇਮ ਦਾ ਇਹ ਮਾਰਗ ਅਨੋਖਾ ਸੀ। ਇਸ ਮਾਰਗ ਦੀ ਸਿਰਜਨਾ, ਇਸ ਗਾਡੀ ਰਾਹ ਦੀ ਸਥਾਪਨਾ ਥੋੜ੍ਹੇ ਸਮੇਂ ਦੀ ਘਾਲ ਨਹੀਂ ਸੀ। ਗੁਰੂ ਨਾਨਕ ਜੋਤ ਨੇ ਇਸ ਮਨੋਰਥ ਲਈ 239 ਵਰ੍ਹੇ ਲਾਏ ਅਤੇ ਦਸ ਜਾਮੇ ਧਾਰੇ। ਨਿਰਭਉ ਤੇ ਨਿਰਵੈਰ ਜੋਤ ਨੇ ਕਿਸੇ ਦੀ ਪਰਵਾਹ ਨਹੀਂ ਕੀਤੀ। ਜਹਾਂਗੀਰ ਨਾਲ ਟਕਰਾਅ ਦੀ ਸਥਿਤੀ ਪੈਦਾ ਹੋਈ। ਸ਼ਹੀਦਾਂ ਦੇ ਸਿਰਤਾਜ ਬਣ ਕੇ ਸੰਸਾਰ ਨੂੰ ਸੱਚ ਦੀ ਸ਼ਾਹਦੀ ਭਰਨ ਦਾ ਰਾਹ ਵਿਖਾਇਆ। ਪਹਿਲਵਾਨੀਆਂ ਤੇ ਹੋਰ ਕਸਰਤਾਂ ਗੁਰੂ ਅੰਗਦ ਸਾਹਿਬ ਵੇਲੇ ਹੀ ਆਰੰਭ ਹੋ ਗਈਆਂ ਸਨ। ਛਠਮ ਪੀਰ ਗੁਰੂ ਹਰਿ ਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ, ਸਿੱਖਾਂ ਨੂੰ ਘੋੜ ਸਵਾਰੀ ਤੇ ਸ਼ਸਤ੍ਰ ਵਿਦਿਆ ਵਿਚ ਨਿਪੁੰਨ ਕਰਕੇ ਜ਼ਾਲਮ ਨਾਲ ਟੱਕਰ ਲੈਣ ਦਾ ਅਮਲੀ ਉਪਦੇਸ਼ ਦਿਤਾ। ਸ਼ਾਂਤਮਈ ਸ਼ਹਾਦਤ ਨੇ ਰਣਭੂਮੀ ਤਿਆਰ ਕਰ ਦਿੱਤੀ ਸੀ ਅਤੇ ਸ਼ਹੀਦ ਗੁਰੂ ਨੇ ਕਰੜੇ ਸਮਿਆਂ ਦੀ ਆਮਦ ਭਾਂਪ ਕੇ ਤਲਵਾਰ ਹੱਥ ਵਿਚ ਲੈਣ ਅਤੇ ਰਣਭੂਮੀ ਵਿੱਚ ਜ਼ਾਲਮਾਂ ਨਾਲ ਸਿੱਝਣ ਦਾ ਸੰਕੇਤ ਵੀ ਦੇ ਦਿੱਤਾ ਸੀ। ਹਰਿ ਰੰਗ ਵਿਚ ਰੰਗੇ ਗੁਰਸਿੱਖਾਂ ਨੇ ਪੂਰੇ ਗੁਰੂ ਦੀ ਅਗਵਾਈ ਵਿਚ ਸੂਰਬੀਰਤਾ ਦੇ ਜੌਹਰ ਦਿਖਾਏ। ਜ਼ਾਲਮ ਹਕੂਮਤ ਅਤੇ ਪੈਂਦੇ ਖਾਨ ਜਿਹੇ ਵਿਸ਼ਵਾਸ-ਘਾਤੀ ਦੋਖੀਆਂ ਦਾ ਭਰਮ ਮਿਟਾਉਣ ਲਈ ਫ਼ਕੀਰੀ ਦੇ ਅਸਲ ਸਰੂਪ ਨੂੰ ਉਘਾੜਿਆ:

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ
ਜਾ ਕਾ ਸਤਿਗੁਰੁ ਪੂਰਾ ॥ *(ਪੰਨਾ ੬੭੯-੮੦)*

ਬੀਰ ਰਸੀ ਕੌਤਕਾਂ ਦਾ ਜਲੌ ਵਿਖਾਉਣ ਉਪਰੰਤ ਸ਼ਾਂਤੀ-ਸ਼ਸਤ੍ਰ ਨੂੰ ਇਕ ਵਾਰੀ ਫੇਰ ਸਾਣ ਤੇ ਚੜ੍ਹਾਇਆ ਗਿਆ। ਤੇਗ ਦੇ ਧਨੀ, ਰਣ ਵਿਚ ਤੇਗ ਦੇ ਜੌਹਰ ਵਿਖਾਉਣ ਵਾਲੇ ਤੇਗ ਬਹਾਦਰ ਗੁਰੂ ਨੇ ਆਪ ਕਾਤਲ ਦੀ ਸਰਦਲ ਤੇ ਪਹੁੰਚ ਕੇ, ਆਪਣੇ ਸਿੱਖਾਂ ਸਮੇਤ ਸ਼ਾਂਤਮਈ ਸ਼ਹਾਦਤ ਦਿੱਤੀ। ਮਕਤੂਲ ਆਪ ਕਾਤਲ ਨੂੰ ਅੱਗਲਵਾਂਢੀ ਹੋ ਕੇ ਮਿਲੇ, ਸੰਸਾਰ ਵਿਚ ਇਸ ਦੀ ਕੋਈ ਮਿਸਾਲ ਨਹੀਂ ਮਿਲਦੀ।

ਜਿਸ ਜੰਵੂ ਨੂੰ ਗੁਰੂ ਨਾਨਕ ਨੇ ਨਕਾਰਿਆ ਸੀ, ਉਸੇ ਜੰਵੂ ਦੀ ਰਾਖੀ ਲਈ ਨੌਂਵੇਂ ਸਰੂਪ ਵਿਚ ਬਲੀਦਾਨ ਦਿੱਤਾ। ਜ਼ਾਹਿਰਾ ਤੌਰ ਤੇ ਕੁਰਬਾਨੀ ਹਿੰਦੂਆਂ ਦੇ ਤਿਲਕ ਜੰਵੂ ਲਈ ਸੀ ਪਰ ਵਾਸਤਵ ਵਿਚ ਲਿਤਾੜੇ ਤੇ ਕੁਚਲੇ ਜਾ ਰਹੇ ਲੋਕਾਂ ਦੀ ਪੱਤ ਆਬਰੂ ਬਚਾਉਣ ਦੀ ਜਾਚ ਸਿਖਾਈ ਜਾ ਰਹੀ ਸੀ। ਹਰੇਕ ਨੂੰ ਆਪਣਾ ਧਰਮ ਪਿਆਰਾ ਹੁੰਦਾ ਹੈ, ਧਰਮ ਉਤੇ ਜਬਰੀ ਵਾਰ ਕਰਨ ਵਾਲਿਆਂ ਨੂੰ ਲਲਕਾਰਿਆ ਗਿਆ, ਨਵੇਂ ਪੂਰਨੇ ਪਾਏ ਗਏ।

ਇਹ ਸੀ ਆਦਰਸ਼ ਜਿੱਥੇ ਸਿੱਖ ਸੰਗਤ ਪਹੁੰਚ ਰਹੀ ਸੀ। ਧਾਰਮਿਕ, ਆਰਥਿਕ, ਸਮਾਜਿਕ, ਰਾਜਨੀਤਕ ਸ਼ਕਤੀਆਂ ਨਾਲ ਟੱਕਰ ਲੈਣ ਲਈ ਸਿੱਖੀ ਹਰ ਪਖੋਂ ਸੰਘਰਸ਼ ਦੇ ਰਾਹਾਂ ਤੇ ਚੱਲਣ ਲਈ ਤਿਆਰ ਹੋ ਰਹੀ ਸੀ। ਲੋੜ ਸੀ ਇਸਨੂੰ ਜਥੇਬੰਦਕ ਰੂਪ ਦੇ ਕੇ, ਅਨੁਸ਼ਾਸਨਬੱਧ ਵਿਧੀ ਨਾਲ ਰਾਮ ਰਸ ਰੱਤੇ ਯੋਧਿਆਂ ਦਾ ਰੂਪ ਦੇਣ ਦੀ ਤਾਂ ਜੋ ਕੰਡਿਆਲੇ ਰਾਹਾਂ ਤੇ ਚਲਦਿਆਂ, ਚੜ੍ਹਦੀ ਕਲਾ ਦੇ ਮੰਡਲ ਵਿਚ ਵਿਚਰ ਕੇ, ਵਾਹਿਗੁਰੂ ਜੀ ਦੇ ਬਣ ਕੇ, ਵਾਹਿਗੁਰੂ ਜੀ ਦੀ ਫ਼ਤਹਿ ਦਾ ਆਨੰਦ ਮਾਣ ਸਕੇ। ਫ਼ਤਹਿ ਕੇਵਲ ਜਿੱਤ ਵਿਚ ਹੀ ਨਹੀਂ ਸਗੋਂ ਹਾਰ ਵਿਚ ਵੀ ਸਮਾਈ ਹੋਈ ਸੀ। 'ਹਾਰ ਨਹੀਂ ਸਭ ਜੇਤੇ।' ਦਾ ਅਹਿਸਾਸ ਪੈਦਾ ਕਰਨਾ ਸੀ। ਜ਼ਫਰਨਾਮਾ ਇਸੇ ਪਰਿਸਥਿਤੀ ਦਾ ਸਿੱਟਾ ਹੈ।

ਭਗਤੀ ਅਤੇ ਸ਼ਕਤੀ ਦਾ ਅਟੁੱਟ ਸੰਬੰਧ ਹੈ। ਨਿਰੀ ਭਗਤੀ ਕਈ ਵਾਰੀ ਕਾਇਰ ਬਣਾ ਦਿੰਦੀ ਹੈ। ਮਹਿਮੂਦ ਗਜ਼ਨਵੀ ਤੇ ਮੁਹੰਮਦ ਗੌਰੀ ਦੇ ਹਮਲਿਆਂ ਨਾਲ ਹੋਈ ਦੁਰਦਸ਼ਾ ਇਸਦਾ ਪ੍ਰਤੱਖ ਸਬੂਤ ਹੈ। ਭਗਤੀ ਅਤਿ ਆਵਸ਼ਕ ਹੱਕ ਹੈ ਪਰ ਜੇ ਸਰਬ ਸਮਰਥ ਅਕਾਲ ਪੁਰਖ ਦੀ ਭਗਤੀ ਹੋਵੇ ਤਾਂ ਸ਼ਰਧਾ, ਵਿਸ਼ਵਾਸ, ਭਰੋਸਾ, 'ਸਦਾ ਅੰਗ ਸੰਗੇ' ਹੋਣ ਦਾ ਅਹਿਸਾਸ ਪੈਦਾ ਹੁੰਦਾ ਹੈ। ਭਗਤੀ ਅਤੇ ਭਗਤੀ ਵਿਚੋਂ ਉਪਜੀ ਸ਼ਕਤੀ ਦੋਹਾਂ ਦੀ ਲੋੜ ਹੁੰਦੀ ਹੈ। ਭਗਤੀ

ਰਾਹੀਂ ਅਸੀਮ ਨਾਲ ਜੁੜੀ ਹੋਣ ਕਰਕੇ ਸ਼ਕਤੀ ਵੀ ਸੀਮਾ ਰਹਿਤ ਹੁੰਦੀ ਹੈ। ਪਰਮੇਸ਼ਰ ਦੇ ਦੁਆਰਿਓਂ ਗੁਰੂ ਨਾਨਕ ਨੂੰ ਨਾਮ ਦਾ ਪਿਆਲਾ ਮਿਲਿਆ; ਨਾਮ ਬਾਣੀ ਦੇ ਰੂਪ ਵਿਚ ਪ੍ਰਗਟ ਹੋਇਆ। ਧੁਰ ਤੋਂ ਆਈ ਇਸ ਬਾਣੀ ਨਾਲ ਸੰਸਾਰ ਨੂੰ ਸੱਚ ਦੀ ਸੋਝੀ ਕਰਾਈ ਗਈ, ਸੱਚ ਨਾਲ ਜੋੜਿਆ ਗਿਆ:

ਸਚ ਕੀ ਬਾਣੀ ਨਾਨਕੁ ਆਖੈ।
ਸਚੁ ਸੁਣਾਇਸੀ ਸਚ ਕੀ ਬੇਲਾ॥ *(ਪੰਨਾ ੭੨੩)*

ਨੇੜ ਭਵਿੱਖ ਵਿਚ ਵਾਪਰਨ ਵਾਲੇ ਦੁਖਾਂਤ ਦਾ ਵਰਣਨ ਕਰਕੇ ਸਚੀ ਬਾਣੀ ਰਾਹੀਂ ਜਿਥੇ ਸੰਸਾਰਕ ਜੀਵਨ ਸੁਖੀ ਬਣਾਉਣ ਦਾ ਸਾਧਨ ਦਸਿਆ ਉਥੇ ਸਚਿਆਰਾ ਬਣਨ ਦੇ ਸਾਧਨ ਵੀ ਦੱਸੇ।

ਸੱਚ ਸੁਨਾਉਣ ਲਈ ਬੀਰਤਾ ਦੀ ਲੋੜ ਹੁੰਦੀ ਹੈ। ਸ਼ਕਤੀ ਦੀ ਲਲਕਾਰ ਗੁਰੂ ਨਾਨਕ ਜੋਤ ਨੇ ਨਾਮ ਅੰਮ੍ਰਿਤ ਦੇ ਪਿਆਲੇ ਰਾਹੀਂ ਪਹਿਲੇ ਜਾਮੇ ਵਿਚ ਹੀ ਆਰੰਭ ਕਰ ਦਿੱਤੀ ਸੀ ਜੋ ਪਰਵਰਤੀ ਸਰੂਪਾਂ ਵਿਚ ਵੀ ਗੂੰਜਦੀ ਰਹੀ। ਨਾਮ ਅੰਮ੍ਰਿਤ ਦੇ ਪਿਆਲੇ ਨੇ ਦਸਮੇਸ਼ ਪਿਤਾ ਦੇ ਕਰਕਮਲਾਂ ਰਾਹੀਂ ਖੰਡੇ ਬਾਟੇ ਦੀ ਪਾਹੁਲ ਦਾ ਰੂਪ ਧਾਰਿਆ। ਇਹ ਅੰਮ੍ਰਿਤ ਵੀ ਭਗਤੀ ਦਾ ਰੂਪ ਹੈ । 'ਭਗਤ ਜਨਾ ਕੀ ਊਤਮ ਬਾਣੀ' ਪੜ੍ਹੀ ਸੁਣੀ ਗਈ। ਨੈਣ-ਜੋਤ ਦੀ ਮਿਕਨਾਤੀਸੀ ਖਿੱਚ ਰਾਹੀਂ ਬਾਟੇ ਵਿਚਲੇ ਜਲ ਵਿਚ ਇਸਦਾ ਪ੍ਰਵੇਸ਼ ਕਰਾਇਆ ਗਿਆ। ਹੱਥ ਵਿੱਚ ਫੜੇ ਦੁਧਾਰੇ ਖੰਡੇ ਤੇ ਸਰਬਲੋਹ ਦੇ ਬਾਟੇ ਦੀ ਰਗੜ ਵਿਚੋਂ ਆਤਮ ਪ੍ਰਕਾਸ਼ ਦੀ ਸ਼ਕਤੀ ਪੈਦਾ ਹੋਈ। ਜਲ ਦੀ ਨਿਰਮਲਤਾ, ਸੀਤਲਤਾ, ਸੁਛਤਾ ਤੇ ਪਵਿਤਰਤਾ ਪਤਾਸਿਆਂ ਦੀ ਮਿਠਾਸ ਅਤੇ ਖੰਡੇ ਬਾਟੇ ਦੀ ਸਰਬਲੋਹੀ ਸ਼ਕਤੀ ਉਤੇ ਬਾਣੀ ਦੀ ਰੰਗਤ ਚਾੜ੍ਹ, ਆਤਮਬਲ ਦੀ ਬੁਨਿਆਦ ਉਤੇ ਬਾਹੂਬਲ ਦਾ ਕੋਟ ਉਸਾਰਿਆ ਗਿਆ। 'ਜੈਸਾ ਸੇਵੈ ਤੈਸੋ ਹੋਇ।' ਬਾਣੀ-ਪਾਠ ਨਾਲ ਬਾਣੀ-ਦਾਤਾ ਅੰਦਰ ਵਸਿਆ। ਅੰਮ੍ਰਿਤ ਅਭਿਲਾਖੀਆਂ ਦੇ ਦਸਮ ਦੁਆਰ ਅੰਮ੍ਰਿਤ ਦੇ ਛੱਟਿਆਂ ਨਾਲ ਸਰਸ਼ਾਰ ਨੈਣ, ਜਾਗਤ ਜੋਤ ਗੁਰੂ ਦੇ ਦਰਸ਼ਨ ਦਰਦੇ ਨੈਣ, ਅੰਮ੍ਰਿਤਧਾਰਾ ਨਾਲ ਦਿਬਯ ਦ੍ਰਿਸ਼ਟੀ ਪ੍ਰਾਪਤ ਕਰ ਗਏ, ਜਿਹਬਾ ਅੰਮ੍ਰਿਤ ਦੇ ਚੁਲਿਆਂ ਨਾਲ ਨਾਮ ਰੰਗ ਵਿਚ ਰੰਗੀ ਗਈ। ਖਾਲਸ ਰੂਪ ਖਾਲਸਾ ਹੋਣ ਦਾ ਨਿਸਚਾ ਪੱਕਾ ਕੀਤਾ ਗਿਆ। ਵਾਹਿਗੁਰੂ ਜੀ ਕੀ ਫਤਹਿ ਦਾ ਵਾਰਸ ਬਣਾਇਆ ਗਿਆ। ਗੁਰਮੰਤ੍ਰ ਦੀ ਦ੍ਰਿੜ੍ਹਤਾ ਨੇ ਗੁਰੂ ਨਾਲ ਅਭੇਦ ਕਰ ਦਿੱਤਾ। ਇਹ ਹੈ ਗੁਰਦੀਖਿਆ ਦੀ ਵਿਧੀ, ਗੁਰ ਦੀ ਕਿਰਪਾ ਦੀ ਪ੍ਰਾਪਤੀ ਦਾ ਸਾਧਨ, ਨਿਗੁਰੇ ਨੂੰ ਸਗੁਰਾ ਬਣਾਉਣ ਦੀ ਪਉੜੀ।

ਬਿਨੁ ਪਉੜੀ ਗੜਿ ਕਿਉ ਚੜਉ,
ਗੁਰ ਹਰਿ ਧਿਆਨ ਨਿਹਾਲ॥ ੨॥
ਗੁਰੁ ਪਉੜੀ ਬੇੜੀ ਗੁਰੂ, ਗੁਰੁ ਤੁਲਹਾ ਹਰਿ ਨਾਉ॥
(ਪੰਨਾ ੧੭)

ਕੇਸਗੜ੍ਹ ਦਾ ਵਾਸੀ ਬਣ ਕੇ ਆਨੰਦਗੜ੍ਹ ਵਿਚੋਂ ਸੰਤ ਉਬਾਰਨ, ਦੁਸ਼ਟ ਸੰਘਾਰਨ ਵਾਲੀ ਕਾਰਜ ਵਿਧੀ ਵਿਚ ਜੁਟਣਾ ਸੀ। ਇਸ ਤਰ੍ਹਾਂ ਪਰਮਾਤਮ ਦੀ ਮੌਜ ਨਾਲ ਅਕਾਲ ਪੁਰਖ ਦੀ ਫੌਜ ਦੇ ਰੂਪ ਵਿਚ ਖ਼ਾਲਸਾ ਪ੍ਰਗਟ ਹੋਇਆ। ਗੁਰ ਸੰਗਤ ਹੀ ਖ਼ਾਲਸਾ ਬਣੀ, ਸਤਿਗੁਰੂ ਦਾ ਆਪਣਾ ਖਾਸ ਰੂਪ। ਭਗਤੀ ਵਿਚੋਂ ਹੀ ਸ਼ਕਤੀ ਉਤਪੰਨ ਹੋਈ। ਭਗਤ ਦੀ ਸ਼ਕਤੀ ਮਾਰਨ ਤੋਂ ਨਹੀਂ, ਆਪਾ ਵਾਰਨ ਤੋਂ ਆਰੰਭ ਹੁੰਦੀ ਹੈ। ਭਗਤੀ ਦਾ ਮੂਲ ਪ੍ਰੇਮ ਹੈ ਅਤੇ ਪ੍ਰੇਮ ਸੀਸ ਤਲੀ ਤੇ ਧਰਨ ਲਈ ਤਿਆਰ ਕਰਦਾ ਹੈ, ਪੁਰਜਾ ਪੁਰਜਾ ਕਟ ਮਰਨ ਦੀ ਭਾਵਨਾ ਪੈਦਾ ਕਰਦਾ ਹੈ।

ਗੁਰੂ ਸਾਹਿਬ ਦਾ ਆਦਰਸ਼ ਵਿਲੱਖਣ ਹੈ। ਵਿਲੱਖਣ ਧਰਮ ਪ੍ਰਗਟ ਹੋਇਆ, ਵਿਲੱਖਣ ਮਨੁੱਖ ਦੀ ਘਾੜਤ ਘੜੀ ਗਈ। ਸ਼ਾਂਤਮਈ ਵਿਧੀ ਅਖ਼ਤਿਆਰ ਕੀਤੀ ਜਾਂ ਸ਼ਸਤ੍ਰਾਂ ਦੀ ਵਰਤੋਂ ਹੋਈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਇਹ ਤਾਂ ਵਿਧੀਆਂ ਹਨ। ਜਿਸ ਸਮੇਂ ਜਿਸ ਵਿਧੀ ਦੀ ਲੋੜ ਮਹਿਸੂਸ ਹੋਈ, ਉਸ ਦੀ ਵਰਤੋਂ ਕਰ ਲਈ। ਆਦਰਸ਼ ਵਿਧੀਆਂ ਤੇ ਸਾਧਨਾਂ ਤੋਂ ਉਚੇਰਾ ਹੁੰਦਾ ਹੈ। ਆਦਰਸ਼ ਸਾਰੇ ਸੰਸਾਰ ਲਈ ਸਾਂਝਾ ਸੀ, ਜੀਅ ਦਾਨ ਦੇਣ ਵਾਲਾ ਸੀ, ਪਹਿਲੇ ਜਾਮੇ ਤੋਂ ਗੁਰੂ ਨਾਨਕ ਜੋਤ ਨੇ ਨਾਮ ਦਾ ਖੰਡਾ ਖੜਕਾਇਆ ਇਹ ਖੰਡਾ ਵੀ ਦੋਧਾਰਾ ਸੀ। ਇਸ ਖੰਡੇ ਦੀ ਇਕ ਧਾਰ ਵਿਕਾਰਾਂ ਨੂੰ ਕੱਟਣ ਵਾਲੀ ਅਤੇ ਦੂਸਰੀ 'ਗੁਪਤ ਨਾਮ ਪਰਗਾਝਾ' ਵਾਲੀ ਅਵਸਥਾ ਪੈਦਾ ਕਰਨ ਵਾਲੀ। ਵਿਕਾਰ ਰਹਿਤ ਹੋਣਾ ਮਰਦਾਨਗੀ ਦਾ ਚਿੰਨ੍ਹ ਹੈ। ਇਸੇ ਲਈ ਗੁਰੂ ਨਾਨਕ ਦੇ ਅਖਾੜੇ ਵਿਚਲੇ ਨਾਮ-ਪ੍ਰੇਮ ਖਿਡਾਰੀ ਸਿਰ ਤਲੀ ਤੇ ਧਰਨ ਲਈ ਤਿਆਰ ਰਹਿੰਦੇ ਸਨ। ਇਸੇ ਭਾਵਨਾ ਨੇ ਸੀਸ ਭੇਂਟ ਵਾਲਾ ਕੌਤਕ ਵਰਤਾਇਆ! ਸੂਖਸ਼ਮ ਰੂਪ ਵਿਚ ਸੀਸ ਅਰਪਨ ਕਰਨ ਵਾਲੇ, ਪ੍ਰਤੱਖ ਰੂਪ ਵਿਚ ਗੁਰੂ ਦੀ ਲਲਕਾਰ ਸੁਣ, ਗੁਰੂ ਦੇ ਸਨਮੁਖ ਆ ਖੜ੍ਹੇ ਹੋਏ। ਸਰਬਲੋਹ ਦੀ ਤਲਵਾਰ ਦਾ ਰਸ ਚਖਿਆ। ਗੁਰੂ ਹੁਕਮ ਅਨੁਸਾਰ ਆਪਾ ਵਾਰਿਆ ਤਾਂ ਖ਼ਾਲਸਾ ਬਣ ਗੁਰੂ ਦੇ ਪਿਆਰੇ ਬਣੇ। ਪਿਆਰੇ ਹੀ ਨਹੀਂ, ਆਪਣੇ ਗੁਰੂ ਦੇ ਗੁਰੂ ਬਣ ਗਏ। ਗੁਰੂ ਚੇਲਾ ਬਣ ਕੇ ਆਪਣੇ ਪਿਆਰਿਆਂ ਕੋਲੋਂ ਸਿੱਖੀ ਦੀ ਦਾਤ ਮੰਗਣ ਲੱਗਾ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਖ਼ਾਲਸੇ ਦਾ ਅੰਗ ਬਣਿਆ। ਖ਼ਾਲਸਾ ਗੁਰੂ ਦਾ, ਗੁਰੂ ਖ਼ਾਲਸੇ ਦਾ, ਦੋਵੇਂ ਓਤਪੋਤ ਹੋ ਗਏ। ਕੋਈ ਭਿੰਨ ਭੇਦ ਨਾ ਰਿਹਾ।

ਭਾਰਤੀ ਧਾਰਮਿਕ ਪਰੰਪਰਾ ਵਿਚ ਸਿਖਿਆਦਾਤਾ ਨੂੰ ਗੁਰੂ ਦਾ ਨਾਮ ਦਿੱਤਾ ਜਾਂਦਾ ਸੀ। ਉੱਚ ਸ਼੍ਰੇਣੀਆਂ ਵਾਲਿਆਂ ਨੂੰ, ਵਿਸ਼ੇਸ਼ ਕਰਕੇ ਰਾਜਾ ਸ਼੍ਰੇਣੀ ਨਾਲ ਸੰਬੰਧਿਤ ਵਿਅਕਤੀਆਂ ਨੂੰ ਨੀਤੀ ਸ਼ਾਸਤ੍ਰ ਤੇ ਸ਼ਸਤ੍ਰ ਵਿਦਿਆ ਵਿਚ ਨਿਪੁੰਨ ਕਰਨਾ ਹੀ ਇਨ੍ਹਾਂ ਦਾ ਕਰਤੱਵ ਹੁੰਦਾ ਸੀ। ਇਹ ਸਤਿਗੁਰੂ ਨਹੀਂ ਸਨ ਹੁੰਦੇ। ਸੱਚੇ ਗੁਰੂ ਦਾ ਪਦ ਇਨ੍ਹਾਂ ਨੂੰ ਪ੍ਰਾਪਤ ਨਹੀਂ ਸੀ। ਸੱਚਾ ਗੁਰੂ ਸੱਚ ਨਾਲ ਜੁੜਿਆ ਹੋਣ ਕਰਕੇ ਸਿੱਖ ਨੂੰ ਵੀ ਸੱਚ ਨਾਲ ਜੋੜਦਾ ਹੈ:

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ।
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ।
(ਪੰਨਾ ੨੮੬)

ਸਤਿਗੁਰੂ ਅਗਿਆਨ ਵਿਨਾਸ਼ਕ ਤੇ ਗਿਆਨ ਪ੍ਰਕਾਸ਼ਕ ਹੁੰਦਾ ਹੈ। ਅੰਦਰਲੀ ਜੋਤ ਜਗਾ ਕੇ ਸੱਚ ਨਾਲ ਜੋੜਦਾ ਹੈ। ਇਸੇ ਲਈ ਫਰਮਾਨ ਹੈ:

ਸਤਿਗੁਰ ਬਾਝਹੁ ਗੁਰੁ ਨਹੀ ਕੋਈ
ਨਿਗੁਰੇ ਕਾ ਹੈ ਨਾਉ ਬੁਰਾ॥ *(ਪੰਨਾ ੪੩੫)*

ਗੁਰ ਦੀਖਿਆ ਲੈ ਕੇ ਹੀ ਸਗੁਰਾ ਜਾਂ ਗੁਰੂ ਵਾਲਾ ਬਣਿਆ ਜਾ ਸਕਦਾ ਹੈ:

ਗੁਰਦੀਖਿਆ ਲੈ ਸਿਖ, ਸਿਖੁ ਸਦਾਇਆ॥
(ਭਾ. ਗੁਰਦਾਸ ਜੀ, ਵਾਰ ੩, ਪਉੜੀ੧੧)

ਗੁਰਦੀਖਿਆ ਲੈਣ ਦੀ ਵਿਧੀ ਵੀ ਭਾਈ ਗੁਰਦਾਸ ਜੀ ਕੋਲੋਂ ਹੀ ਪੁੱਛ ਲਈਏ:

ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤ ਸਿਖਾਂ ਪੀਲਾਇਆ॥
(ਵਾਰ ਪਹਿਲੀ, ਪਉੜੀ ੨੩)

ਗੁਰੂ ਕੋਲੋਂ ਗੁਰਮੰਤ੍ਰ ਦੀ ਪ੍ਰਾਪਤੀ ਕਰਕੇ ਹੀ ਗੁਰੂ ਦਾ ਸਿੱਖ ਬਣਿਆ ਜਾ ਸਕਦਾ ਹੈ:

ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ
ਸਰਪਨਹ ਤੁਲਿ ਖਲਹ॥ *(ਪੰਨਾ ੧੩੫੬-੫੭)*

ਗੁਰਮੰਤ੍ਰ ਬਾਰੇ ਵੀ ਭਾ. ਗੁਰਦਾਸ ਜੀ ਨੇ ਸਪਸ਼ਟ ਕੀਤਾ ਹੈ:

ਵਾਹਿਗੁਰੂ ਗੁਰਮੰਤ੍ਰ ਹੈ, ਜਪਿ ਹਉਮੈ ਖੋਈ॥
(ਵਾਰ ੧੩, ਪਉੜੀ ੨)

ਸਤਿਗੁਰੁ ਪੁਰਖ ਦਇਆਲ ਹੋਇ,
ਵਾਹਿਗੁਰੂ ਸਚੁ ਮੰਤ੍ਰ ਸੁਣਾਇਆ॥
(ਵਾਰ ੧੧, ਪਉੜੀ ੩)

ਦਸਮ ਪਾਤਸ਼ਾਹ ਨੇ ਚਰਨਾਮ੍ਰਿਤ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦਾ ਰੂਪ ਦਿਤਾ। ਭਗਤੀ ਦੇ ਨਾਲ ਸ਼ਕਤੀ ਦਾ ਅਟੁੱਟ ਸੰਬੰਧ ਜੋੜਨ ਦੀ ਲੋੜ ਸੀ। ਆਤਮ-ਬਲ ਆਤਮ-ਸਮਰਪਣ ਤੱਕ ਪਹੁੰਚ ਚੁਕਿਆ ਸੀ। ਸਿੱਖ ਨੂੰ 'ਸੰਤ' ਵਾਲੇ ਗੁਣ ਪ੍ਰਾਪਤ ਹੋ ਚੁੱਕੇ ਸਨ। ਹੁਣ ਲੋੜ ਸੀ 'ਸਿਪਾਹ' ਵਾਲੇ ਗੁਣ ਭਰਨ ਦੀ। ਮੀਰੀ ਪੀਰੀ ਦੇ ਮਾਲਕ ਵੇਲੇ ਵੀ ਇਨ੍ਹਾਂ ਗੁਣਾਂ ਦੀ ਪ੍ਰਦਰਸ਼ਨੀ ਹੋ ਚੁੱਕੀ ਸੀ ਪਰ ਉਸ ਵੇਲੇ ਸਮੂਹ ਸੰਗਤ ਇਨ੍ਹਾਂ ਗੁਣਾਂ ਦੀ ਧਾਰਨੀ ਨਹੀਂ ਸੀ ਬਣਦੀ। ਸੰਗਤ ਵਿਚੋਂ ਸੈਨਾ ਤਿਆਰ ਕੀਤੀ ਗਈ ਸੀ। ਹੁਣ ਸਮੂਹ ਸੰਗਤ ਨੇ ਸੈਨਿਕ ਰੂਪ ਅਖਤਿਆਰ ਕਰਨਾ ਸੀ ਕਿਉਂਕਿ:

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲਸਤ ਬੁਰਦਨ ਬ-ਸ਼ਮਸ਼ੀਰ ਦਸਤ॥
(ਜ਼ਫ਼ਰਨਾਮਾ)

ਸਿੱਖ ਨੇ 'ਜਨ ਪਰਉਪਕਾਰੀ ਆਏ' ਦਾ ਆਦਰਸ਼ ਪੂਰਾ ਕਰਨਾ ਸੀ, ਇਸੇ ਲਈ ਹੁਕਮ ਹੋਇਆ:

ਪੀਵਹੁ ਪਾਹੁਲ ਖੰਡੇ ਧਾਰ ਹੋਇ ਜਨਮ ਸੁਹੇਲਾ॥
(ਭਾ. ਗੁਰਦਾਸ ਸਿੰਘ, ਵਾਰ ੪੧, ਪਉੜੀ ਪਹਿਲੀ)

1699 ਈ: ਦੀ ਵਿਸਾਖੀ, ਕੇਸਗੜ੍ਹ ਦਾ ਖੁਲ੍ਹਾ ਮੈਦਾਨ, ਹਜ਼ਾਰਾਂ ਦੀ ਗਿਣਤੀ ਵਿਚ ਭਾਰਤ ਦੇ ਵਿਭਿੰਨ ਪ੍ਰਾਂਤਾਂ ਵਿਚੋਂ ਆਈ ਸਿੱਖ ਸੰਗਤ, ਸਤਿਗੁਰੂ ਦੇ ਹੱਥ ਵਿਚ ਨੰਗੀ ਤਲਵਾਰ ਅਤੇ ਲਲਕਾਰ ਸੀਸ ਭੇਟ ਕਰਨ ਲਈ। ਸਭ ਤੋਂ ਪਹਿਲਾਂ ਲਾਹੌਰ ਦਾ ਭਾਈ ਦਯਾ ਰਾਮ (ਖਤ੍ਰੀ) ਨਿਤਰਿਆ। ਵੱਖਰੇ ਤੰਬੂ ਵਿਚ ਲਿਜਾ ਪਤਾ ਨਹੀਂ ਕੀ ਕੌਤਕ ਵਰਤਾਇਆ? ਲਹੂ ਲਿਬੜੀ ਤਲਵਾਰ ਲੈ ਕੇ ਬਾਹਰ ਆਏ। ਫਿਰ ਹੋਰ ਸੀਸ ਦੀ ਮੰਗ। ਇਸ ਤਰ੍ਹਾਂ ਚਾਰ ਵਾਰੀ ਫਿਰ ਸੀਸ ਮੰਗੇ ਗਏ। ਦਿੱਲੀ ਨਿਵਾਸੀ ਧਰਮਚੰਦ (ਜੱਟ), ਜਗਨ ਨਾਥ ਪੁਰੀ ਦਾ (ਝੀਉਰ) ਹਿੰਮਤ ਰਾਏ, ਗੁਜਰਾਤ ਦਾ (ਛੀਂਬਾ) ਮੁਹਕਮਚੰਦ ਅਤੇ ਬਿਦਰ ਦਾ (ਨਾਈ) ਸਿੱਖ ਸਾਹਿਬ ਚੰਦ ਸੀਸ ਤਲੀ ਤੇ ਰੱਖ ਕੇ ਸਾਮ੍ਹਣੇ ਆਏ। ਇਹ ਪੰਜ ਤੰਬੂ ਵਿਚ ਪ੍ਰਵੇਸ਼ ਹੋਏ ਅਤੇ ਕੁਝ ਸਮੇਂ ਪਿੱਛੋਂ ਖ਼ਾਲਸਾ ਰੂਪ ਵਿਚ ਗੁਰੂ ਦੇ ਸੰਗ ਸੰਗਤਾਂ ਦੇ ਸਨਮੁਖ ਹਾਜ਼ਰ ਹੋਏ। ਮੈਕਾਲਿਫ਼ ਦੇ ਕਹਿਣ ਅਨੁਸਾਰ ਗੁਰੂ ਅਤੇ ਸਿੱਖ ਇਕੱਠੇ ਤੰਬੂ ਵਿਚੋਂ ਬਾਹਰ ਆਏ ਤਾਂ ਪਛਾਣ ਕਰਨੀ ਔਖੀ ਸੀ ਕਿ ਗੁਰੂ ਕੌਣ ਹੈ ਤੇ ਸਿੱਖ ਕਿਹੜੇ ਹਨ। ਸਾਰੇ ਇਕ ਰੂਪ ਹੀ ਦਿਸਦੇ ਸਨ। ਇਹ ਸੀ ਅੰਮ੍ਰਿਤ ਦੀ ਕਰਾਮਾਤ। ਗੁਰੂ ਦਾ ਖਾਸ ਰੂਪ ਖਾਲਸਾ ਵੱਖਰਾ ਕਿਵੇਂ ਪਛਾਣਿਆ ਜਾਵੇ ? ਫਿਰ ਸੰਗਤਾਂ ਦੇ ਸਾਮ੍ਹਣੇ ਗੁਰੂ ਦਾ ਆਪਣੇ ਸਾਜੇ ਖਾਲਸੇ ਅੱਗੇ ਸੀਸ ਝੁਕਾਉਣਾ, ਅੰਮ੍ਰਿਤ ਦੀ ਦਾਤ ਮੰਗਣੀ, ਅੰਮ੍ਰਿਤ ਛਕ ਕੇ ਸਿੱਖੀ ਧਾਰਨ ਕਰਨੀ। ਸਿੱਖਾਂ ਨੇ ਆਪਣੇ ਸੀਸ ਭੇਂਟ ਕੀਤੇ ਸਨ, ਗੁਰੂ ਨੇ ਸਰਬੰਸ ਹੀ ਵਾਰ ਦਿੱਤਾ।

ਵਿਸਾਖੀ ਦੇ ਇਸ ਕੌਤਕ ਨਾਲ ਖਾਲਸੇ ਦਾ ਜਨਮ ਹੋਇਆ। ਅਕਾਲ ਪੁਰਖ ਦੇ ਹੁਕਮ ਅਨੁਸਾਰ 'ਤੀਸਰ ਪੰਥ' ਹੋਂਦ ਵਿਚ ਆ ਗਿਆ। ਘਾਲਣਾ ਤਾਂ ਜਨਮ ਤੋਂ ਪਿਛੋਂ ਹੀ ਆਰੰਭ ਹੁੰਦੀ ਹੈ। ਇਸੇ ਲਈ ਖਾਲਸੇ ਨੂੰ ਆਪਣਾ ਰੂਪ ਦੇਂਦਿਆਂ ਹੋਇਆਂ ਵਿਸ਼ੇਸ਼ ਰਹਿਤ ਦੱਸੀ ਗਈ। ਇਸ ਰਹਿਤ ਅਨੁਸਾਰ ਜੀ ਜੀਵਨ ਬਿਤਾਉਣਾ ਕਿਨਾ ਜ਼ਰੂਰੀ ਹੈ :

ਰਹਿਣੀ ਰਹੈ ਸੋਈ ਸਿੱਖ ਮੇਰਾ॥
ਉਹ ਸਾਹਿਬ ਮੈ ਉਸਕਾ ਚੇਰਾ॥
ਰਹਿਤ ਬਿਨਾਂ ਨਹਿ ਸਿੱਖ ਕਹਾਵੈ॥
ਰਹਿਤ ਬਿਨਾਂ ਦਰ ਚੋਟਾਂ ਖਾਵੈ॥
ਰਹਿਤ ਬਿਨਾਂ ਸੁਖ ਕਬਹੂ ਨ ਲਹੈ॥
ਤਾਂ ਤੇ ਰਹਿਤ ਸੁ ਦ੍ਰਿੜ੍ਹ ਕਰ ਰਹੈ॥
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

HELP NISHKAM TO SAVE A YOUNG LIFE

During 1995 to 1997, you all contributed about **Rs.30 lakhs** through **Nishkam** to save lives of **Sukhmani, Blessy, Yashpal, Sukhwinder Kaur and others**. Now Nishkam seeks your help for **3½ year old Karthikeya**, who is suffering from **Pure Red Cell Aplasia** and is undergoing **Bone Marrow Transplant** at C.M.C. Hospital, Vellore. As per Dr. Dr. Mammen Chandey M.D., F.R.C.A.P., Prof. & Head of Deptt. of Haematology, **Rs.6 lakhs are urgently required** to save the life of this young child. Kindly contribute liberally through crossed Cheques/Drafts to **Nishkam Sikh Welfare Council (Regd.) Medical A/c. B-Block, Tilak Vihar, New Delhi - 18. Ph.5412601, 5101848. Donations are exempt under Section 80-G.**

Registration No. R. N. 34061/80 P.O. Regd. No. PB/LD 23/98

ਸਿੱਖ ਮਿਸ਼ਨਰੀ ਕਾਲਜ ਦੀਆਂ ਖੋਜ ਭਰਪੂਰ ਪੁਸਤਕਾਂ

	ਰੁਪਏ
ਪ੍ਰਾਸਪੈਕਟਸ	5
ਪੰਥ ਦਰਦੀਓ! ਕੁਝ ਕਰੋ! (2 ਭਾਗ)	7
ਖਾਲਸਾ ਨਿਰੂਪਣ	3
ਸਿੱਖ ਜੀਵਨ ਜਾਚ	3
ਨਿਆਰਾ ਖਾਲਸਾ	4
ਸ਼ਬਦ ਗੁਰੂ ਦੀ ਮਹੱਤਤਾ	5
ਗੁਰੂ ਮਾਨਿਓ ਗ੍ਰੰਥ	4
ਗੁਰਬਾਣੀ ਦਾ ਸ਼ੁੱਧ ਉਚਾਰਣ	4
ਗੁਰਬਾਣੀ ਵਿਆਕਰਣ ਦੇ ਸਰਲ ਨੇਮ	4
ਸਿੱਖ ਧਰਮ ਦੇ ਮੁਢਲੇ ਸਿਧਾਂਤ	4
ਸੰਖੇਪ ਇਤਿਹਾਸ ਦਸ ਗੁਰੂ ਸਾਹਿਬਾਨ	6
ਖੂਨ ਸ਼ਹੀਦਾਂ ਦਾ (16 ਚਿੱਤਰਾਂ ਸਮੇਤ)	7
ਖਾਲਸੇ ਦੇ ਦਰਬਾਰ ਵਿਚ ਬ੍ਰਾਹਮਣ ਦੀ ਪੁਕਾਰ	4
ਅਣਖੀਲਾ ਪੰਥ (ਕਵਿਤਾਵਾਂ)	7

ਜੀਵਨੀਆਂ

ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ	8
ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅੰਗਦ ਦੇਵ ਜੀ	8
ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਮਰਦਾਸ ਜੀ	10
ਜੀਵਨ ਬ੍ਰਿਤਾਂਤ ਸ੍ਰੀ ਗੁਰੂ ਰਾਮਦਾਸ ਜੀ	8
ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜੁਨ ਦੇਵ ਜੀ	10
ਮਰਦ ਅਗੰਮੜਾ (ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ)	12
ਸ਼ਹੀਦੀ ਗੁਰੂ ਅਰਜਨ ਦੇਵ ਜੀ	4
ਬਾਬਾ ਬੰਦਾ ਸਿੰਘ ਬਹਾਦਰ	4
ਸ਼ਹੀਦ ਭਾਈ ਮਨੀ ਸਿੰਘ ਜੀ	3
ਨਵਾਬ ਕਪੂਰ ਸਿੰਘ ਜੀ	3
ਸ. ਜੱਸਾ ਸਿੰਘ ਰਾਮਗੜ੍ਹੀਆ	3
ਸ. ਜੱਸਾ ਸਿੰਘ ਆਹਲੂਵਾਲੀਆ	4
ਮਹਾਰਾਜਾ ਰਣਜੀਤ ਸਿੰਘ	4
ਸ. ਹਰੀ ਸਿੰਘ ਨਲੂਆ	3
ਅਕਾਲੀ ਫੂਲਾ ਸਿੰਘ	3
ਗਿਆਨੀ ਦਿੱਤ ਸਿੰਘ	2
ਬਾਬਾ ਗੁਰਦਿੱਤ ਸਿੰਘ (ਕਾਮਾਗਾਟਾ ਮਾਰੂ)	2
ਸ. ਸ਼ਾਮ ਸਿੰਘ ਅਟਾਰੀ	3
ਸਿੱਖ ਧਰਮ ਦੇ ਮਹਾਨ ਵਿਦਵਾਨ	4
ਚੋਣਵੀਆਂ ਸਿੱਖ ਜੀਵਨੀਆਂ	5
ਭਾਈ ਨੰਦ ਲਾਲ ਸਿੰਘ	3
ਭਾਈ ਗੁਰਦਾਸ ਜੀ	3
ਭਾਈ ਮਹਾਰਾਜ ਸਿੰਘ	2
ਸਿੱਖ ਧਰਮ ਫ਼ਿਲਾਸਫ਼ੀ (5 ਭਾਗ)	28
ਚੋਣਵੇਂ ਸ਼ਬਦਾਂ ਦੀ ਵਿਆਖਿਆ (8 ਭਾਗ)	26

ਸਟੀਕ

ਜਪੁ ਜੀ ਸਾਹਿਬ ਸਟੀਕ	5
ਜਾਪੁ ਸਾਹਿਬ ਸਟੀਕ	4
ਤ੍ਵ ਪ੍ਰਸਾਦਿ ਸਵੱਯੇ ਤੇ ਚੌਪਈ ਸਟੀਕ	2
ਅਨੰਦੁ ਸਾਹਿਬ ਸਟੀਕ	4
ਰਹਰਾਸਿ ਤੇ ਸੋਹਿਲਾ ਸਟੀਕ	4
ਨਿੱਤਨੇਮ ਸਟੀਕ	19
ਆਸਾ ਕੀ ਵਾਰ ਸਟੀਕ	6
ਸੁਖਮਨੀ ਸਾਹਿਬ ਸਟੀਕ	10
ਸਦੁ ਸਟੀਕ (ਮ੍ਰਿਤਕ ਸੰਸਕਾਰ)	4
ਬਾਰਹਮਾਹਾ ਸਟੀਕ	4
ਅਨੰਦ ਕਾਰਜ (ਲਾਵਾਂ ਸਟੀਕ)	3
ਰਾਮਕਲੀ ਕੀ ਵਾਰ (ਸੱਤਾ ਤੇ ਬਲਵੰਡ)	2
ਕਬਿਤ ਸਟੀਕ (ਅਕਾਲ ਉਸਤਤਿ 'ਚੋਂ)	3

	ਰੁਪਏ
ਜ਼ਫਰਨਾਮਾ ਸਟੀਕ	3
ਸਿਧ ਗੋਸਟਿ ਸਟੀਕ	8
ਸਾਕਾ ਨਨਕਾਣਾ ਸਾਹਿਬ	3
ਮੋਰਚਾ ਗੰਗਸਰ ਜੈਤੋ	3
ਮੋਰਚਾ ਗੁਰੂ ਕਾ ਬਾਗ	3
ਗੁਰਦੁਆਰਾ ਸੁਧਾਰ ਲਹਿਰ	5
ਸਿੰਘ ਸਭਾ ਲਹਿਰ	5
ਬੱਬਰ ਅਕਾਲੀ ਲਹਿਰ	3
ਸਿੱਖ ਮਿਸਲਾਂ	4
ਅਕਾਲੀ ਲਹਿਰ	4
ਸ਼ਹੀਦੀ ਸਾਕੇ (ਕਾਵਿ-ਪ੍ਰਸੰਗ)	3
ਪ੍ਰੋ. ਗੁਰਮੁੱਖ ਸਿੰਘ ਗਿ. ਦਿੱਤ ਸਿੰਘ	4
ਸਾਧੂ ਦਿਆ ਨੰਦ ਨਾਲ ਮੇਰਾ ਸੰਬਾਦ	4
ਚੋਣਵੀਆਂ ਸਾਖੀਆਂ (6 ਭਾਗ)	22

ਤੁਲਨਾਤਮਕ ਧਰਮ ਅਧਿਐਨ

ਸਿੱਖੀ ਤੇ ਸਮਾਜਵਾਦ	3
ਯੋਗ ਦਰਸ਼ਨ ਤੇ ਗੁਰਮਤਿ	3
ਜੈਨ ਮੱਤ, ਬੁੱਧ ਮੱਤ ਤੇ ਗੁਰਮਤਿ	3
ਹਿੰਦੂ ਮੱਤ ਤੇ ਗੁਰਮਤਿ	3
ਇਸਲਾਮ ਤੇ ਗੁਰਮਤਿ	3
੬ ਕਿਤਾਬਾਂ — ਇਕ ਜਿਲਦ	18

ਫੁਟਕਲ

ਅਨਮੋਲ ਰਤਨ (ਸ਼ਬਦ ਸੰਗ੍ਰਹਿ)	3
ਦਸਮ ਗ੍ਰੰਥ ਬਾਰੇ	3
ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦਾ ਹਿੱਸਾ	4
ਚਿੱਠੀਆਂ ਲਿਖ ਸਤਿਗੁਰਾਂ ਵਲ ਪਾਈਆਂ	3
ਅਨਮਤੀ ਤਿਉਹਾਰਾਂ ਦਾ ਸਿੱਖ ਧਰਮ ਤੇ ਪ੍ਰਭਾਵ	2
ਗੁਰਮੁਖੀ ਅੱਖਰ ਗਿਆਨ (ਹਿੰਦੀ ਪੰਜਾਬੀ ਟੀਚਰ)	3
ਸਿੱਖ ਮਿਸ਼ਨਰੀ ਡਾਇਰੀ	12
ਗੁਰਮਤਿ ਡਾਇਰੀ (ਬੱਚਿਆਂ ਲਈ)	5
ਸਿੱਖ ਰਹਿਤ ਮਰਯਾਦਾ	2
ਤੇਰੀ ਦੁਨੀਆਂ ਮੇਰੀ ਦੁਨੀਆਂ (ਆਪ ਬੀਤੀਆਂ)	8
ਸਿੱਖੀ ਨਵੇਂ ਯੁੱਗ ਦਾ ਧਰਮ	3
ਸਿਮਰਨ ਕਿਵੇਂ ਕਰੀਏ ?	3
ਨਾਮ ਕੀ ਹੈ ਤੇ ਕਿਵੇਂ ਜਪੀਏ ?	6
ਸ਼ਬਦ ਲਗੋ ਗੁਰ ਮੀਠਾ (ਆਪ ਬੀਤੀਆਂ)	
ਸਤਸੋਂ ਉਪਰਿ ਗੁਰ ਸ਼ਬਦ ਵੀਚਾਰ	3
ਸਰੀਰ ਅਰੋਗ ਕਿਵੇਂ ਹੋਵੇ?	3
ਗੁਰੂ ਤੇਗ ਬਹਾਦਰ ਸਾਹਿਬ ਦੇ ਉਪਦੇਸ਼	2
ਸਿੱਖ ਧਰਮ ਦੇ ਮੁਢਲੇ ਸਿਧਾਂਤ (ਉਰਦੂ)	5
'ਯ' ਅੱਖਰ ਦੀ ਬਹੁ ਭਾਂਤੀ ਵਰਤੋਂ	3
ਗੁਰਬਾਣੀ ਸ਼ਬਦ ਕੋਸ਼	5
ਮੂਰਤੀ ਪੂਜਾ	8
ਸਵਾਲ ? ਜਵਾਬ	24
ਮੀਰੀ ਤੇ ਪੀਰੀ	5
ਮਨਮੁਖਿ ਰੈਣਿ ਅੰਧਾਰਿ	12
ਸਿੱਖ ਧਰਮ ਪ੍ਰਸ਼ਨੋਤਰੀ (੪ ਭਾਗ)	40

ਗੁਟਕੇ

ਨਿਤਨੇਮ ਤੇ ਹੋਰ ਬਾਣੀਆਂ (ਵੱਡਾ)	12
ਨਿਤਨੇਮ ਤੇ ਹੋਰ ਬਾਣੀਆਂ (ਛੋਟਾ)	8
ਨਿਤਨੇਮ ਤੇ ਹੋਰ ਬਾਣੀਆਂ (ਸਫਰੀ)	6
ਸੁਖਮਨੀ ਸਾਹਿਬ (ਵੱਡਾ) (ਇਕ ਪਦਾ ਇਕ ਪੰਨੇ ਤੇ)	12
ਸੁਖਮਨੀ ਸਾਹਿਬ (ਵੱਡਾ)	12
ਸੁਖਮਨੀ ਸਾਹਿਬ (ਛੋਟਾ)	8

	ਰੁਪਏ
ਸੁਖਮਨੀ ਸਾਹਿਬ (ਸਫਰੀ)	6
ਜਪੁ ਜੀ ਸਾਹਿਬ	2
ਜਾਪੁ ਸਾਹਿਬ ਸਵਈਏ	2
ਰਹਰਾਸਿ ਤੇ ਸੋਹਿਲਾ	2

ENGLISH BOOKS

Sikhism A Faith Misunderstood	8
The Baisakhi	2
Basic Principles of Sikhism	3
Why Am I a Sikh ?	2
Propagation of Sikh Thought	3
The Sikhism	8
Guru Nanak's Impact on History	6
Blood of MARTYRDOM	7
Sikh Sakhies For the Youth	12
The Khalsa Generals	10

हिन्दी पुस्तकें

प्रासपैकटस	5
सिख धर्म की शिक्षाएं	4
दस गुरुओं का संक्षिप्त इतिहास	7
खून शहीदों का (16 चित्रों सहित)	7
शिक्षापद साखियां (4 भाग)	12
खालसा की परिकल्पना	3
सिख जीवन पद्धति	3
गुरबाणी व्याख्या (4 भाग)	16
जीवन मार्ग गुरू नानक देव जी	10
जीवन मार्ग गुरू अंगद देव जी	8
जीवन मार्ग गुरू रामदास जी	8
जीवन मार्ग गुरू अमरदास जी (प्रैस में)	
शब्द गुरू एवं देहधारी गुरू डंम	6
सिख धर्म फिलासफी (4 भाग)	24
गुरू मान्यो ग्रंथ	5
सरलार्थ रहरासि साहिब	5
जपु जी साहिब सटीक	6
अनंदु साहिब सटीक	5
त्व प्रसादि सव्यये सटीक	4
नितनेम सटीक (प्रैस में)	24
33 सवैये सटीक	3
सिख रहित मर्यादा	1
बाबा बंदा सिंघ बहादुर	4
स. जस्सा सिंघ आहलुवालीया	4
महाराजा रणजीत सिंघ	3
भाई मनी सिंघ जी	3
बब्बर अकाली आन्दोलन	3
पंथ दर्दीयो कुछ करो (2 भाग)	7
अकाली बाबा फूला सिंघ	3
बाबा गुरदित्त सिंघ (कामागाटामारू)	3
मोर्चा गंगसर जैतो	3
सिमरन कैसे करें	3
स. शाम सिंघ अटारी	3
भारत की आज़ादी की लड़ाई में सिखों का योगदान	4

Laser Type Setting at : **Advanced Computers**, Adda Hoshiarpur, Opp. Bank of India, Jalandhar ✆ 284138
Printed at : Bright Printers, Jalandhar (*Title Printed at :* Gem Printers, Jalandhar) by Harbhajan Singh Printer & Published for & on behalf of **SIKH MISSIONARY COLLEGE** (Regd.) 1051, Kucha 14, Field Ganj, Ludhiana - 141 008.